ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com ਮੰਗਲਵਾਰ, 14 ਜੂਨ 2022 ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)

ਇਸ਼ਤਿਹਾਰ ਲਵਾਓ ਵਪਾਰ ਵਧਾਓ
ਰੋਜ਼ਾਨਾ ਲੋਕ ਬਾਣੀ
ਅਖਬਾਰ ਵਿਚ ਸੰਪਰਕ ਕਰੋ
0181-2211009
Newslokbani@gmail.com

R.N.I. Punpun/29016/2008 ✲ ਸਾਲ : 14 ✲ ਅੰਕ : 451 ✲ ਮੁੱਲ : 5.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111



## ਹਵਾਈ ਜਹਾਜ਼ ਹਾਦਸਾ ਕੈਲੀਫੋਰਨੀਆ ਵਿਚ 2 ਪਾਈਲਟ ਤੇ 5 ਦੀ ਮੋਤ

**ਕੈਲੀਫੋਰਨੀਆ/ਲੋਕ ਬਾਣੀ**

ਮਰੀਨ ਕੋਰ ਨੇ ਸ਼ੁੱਕਰਵਾਰ ਨੂੰ ਕੈਲੀਫੋਰਨੀਆ ਦੇ ਰੇਗਿਸਤਾਨ ਵਿੱਚ ਸਿਖਲਾਈ ਦੌਰਾਨ ਓਸਪ੍ਰੇ ਟਿਲਟ੍ਰੋਟਰ ਜਹਾਜ਼ ਹਾਦਸੇ ਵਿੱਚ ਮਾਰੇ ਗਏ ਪੰਜ ਲੋਕਾਂ ਦੀ ਪਛਾਣ ਕੀਤੀ। ਮਾਰੇ ਗਏ ਦੋ ਪਾਇਲਟ ਰਕਿੰਘਮ, ਨਿਊ ਹੈਂਪਸ਼ਾਇਰ ਦੇ ਕੈਪਟਨ ਨਿਕੋਲਸ ਪੀ. ਲੋਸਾਪੀਓ (31) ਅਤੇ ਪਲੇਸਰ, ਕੈਲੀਫੋਰਨੀਆ ਦੇ ਕੈਪਟਨ ਜੌਹਨ ਜੇ. ਸਾਕਸ (33) ਸਨ।

ਤਿੰਨ ਟਿਲਟ੍ਰੋਟਰ ਚਾਲਕ ਦਲ ਦੇ ਮੁਖੀਆਂ ਦੀ ਵੀ ਹਾਦਸੇ ਵਿੱਚ ਮੌਤ ਹੋ ਗਈ, ਜਿਨ੍ਹਾਂ ਦੀ ਪਛਾਣ ਵਿਨੇਬਾਗੋ, ਇਲੀਨੋਇਸ ਦੇ ਨਾਥਨ ਈ. ਕਾਰਲਸਨ, 21, ਅਤੇ ਜੌਹਨਸਨ, ਵਾਇਮਿੰਗ ਦੇ ਸੇਠ ਡੀ. ਰਾਸਮੁਸਨ, 21 ਅਤੇ ਵੈਲੇਂਸੀਆ, ਨਿਊ ਮੈਕਸੀਕੋ ਦੇ ਇਵਾਨ ਏ., 19 ਵਜੋਂ ਹੋਈ।

## ਭਾਰੀ ਤੂਫ਼ਾਨ ਨੇ ਮਚਾਈ ਤਬਾਹੀ, ਸਭ ਕੁੱਝ ਹੋਇਆ ਤਹਿਸ-ਨਹਿਸ

**ਅਮਰੀਕਾ/ਲੋਕ ਬਾਣੀ**

ਐਤਵਾਰ 12 ਜੂਨ ਨੂੰ, ਲੀਚਫੀਲਡ, ਅਮਰੀਕਾ ਵਿੱਚ ਇੱਕ ਸੁਪਰਸੈਲ ਥੰਡਰਸਟੋਰਮ ਨੇ ਸਭ ਕੁਝ ਹਿਲਾ ਕੇ ਰੱਖ ਦਿੱਤਾ ਪੂਰੇ ਇਲਾਕੇ ਵਿਚ ਭਾਰੀ ਗੜੇ ਪਏ ਅਤੇ ਭਾਰੀ ਮੀਂਹ ਪਿਆ ਖਰਾਬ ਮੌਸਮ ਕਾਰਨ ਪੂਰਾ ਇਲਾਕਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ। ਰਾਸ਼ਟਰੀ ਮੌਸਮ ਵਿਭਾਗ ਨੇ ਐਤਵਾਰ ਨੂੰ ਦੱਖਣੀ ਇਲੀਨੋਇਸ ਅਤੇ ਪੂਰਬੀ ਅਤੇ ਮੱਧ ਮਿਸੂਰੀ ਦੇ ਕੁਝ ਹਿੱਸਿਆਂ ਲਈ ਖਤਰਨਾਕ ਮੌਸਮ ਦੀ ਚੇਤਾਵਨੀ ਜਾਰੀ ਕੀਤੀ ਚੇਤਾਵਨੀ ਵਿੱਚ ਕਿਹਾ ਗਿਆ ਸੀ ਕਿ ਤੇਜ਼ ਹਨੇਰੀ ਝੱਖੜ ਅਤੇ ਛਿਟਕਿਆਂ ਗਰਜਾਂ ਦੇ ਨਾਲ ਵੱਡੇ ਗੜੇ ਪੈ ਸਕਦੇ ਹਨ। ਐਤਵਾਰ ਨੂੰ ਜਦੋਂ ਸੁਪਰਸੈੱਲ ਤੂਫਾਨ ਆਇਆ, ਤਾਂ ਸਭ ਕੁਝ ਤਹਿਸ-ਨਹਿਸ ਹੋ ਗਿਆ ਪਾਣੀ ਨਾਲ ਗਲੀਆਂ ਭਰ ਗਈਆਂ ਕਈ ਇਲਾਕੇ ਡੁੱਬ ਗਏ ਭਾਰੀ ਗੜੇ ਪਏ, ਜਿਸ ਕਾਰਨ ਕਾਫੀ ਨੁਕਸਾਨ ਹੋਣ ਦਾ ਖਦਸ਼ਾ ਹੈ ਰੈਂਡੀ ਵੇਲਜ਼ ਨੇ ਇਸ ਦ੍ਰਿਸ਼ ਨੂੰ ਕੈਮਰੇ ਵਿਚ ਰਿਕਾਰਡ ਕੀਤਾ ਵੀਡੀਓ ਵਿੱਚ ਵੱਡੇ ਗੜੇ ਡਿੱਗਦੇ ਨਜ਼ਰ ਆ ਰਹੇ ਹਨ।



## ਮੁੰਬਈ ਪੁਲਿਸ ਨੇ 250 ਤੋਂ ਵੱਧ ਕਾਂਗਰਸੀ ਲਏ ਹਿਰਾਸਤ 'ਚ

**ਮੁੰਬਈ/ਲੋਕ ਬਾਣੀ**

ਮੁੰਬਈ ਪੁਲਿਸ ਨੇ ਕਾਂਗਰਸ ਦੀ ਅੰਤਰਿਮ ਪ੍ਰਧਾਨ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੇ ਸਮਰਥਨ 'ਚ ਛਤਰਪਤੀ ਸ਼ਿਵਾਜੀ ਮਹਾਰਾਜ ਟਰਮੀਨਸ ਤੋਂ ਈ.ਡੀ. ਦਫ਼ਤਰ ਤੱਕ ਰੋਸ ਮਾਰਚ ਕੱਢਣ ਵਾਲੇ 250 ਤੋਂ ਵੱਧ ਕਾਂਗਰਸੀ ਵਰਕਰਾਂ ਨੂੰ ਹਿਰਾਸਤ 'ਚ ਲਿਆ ਹੈ







## ਕੋਰੋਨਾ ਨੇ ਵਧਾਈ ਚਿੰਤਾ ਮਾਸਕ ਪਾਉਣਾ ਜ਼ਰੂਰੀ

**ਚੰਡੀਗੜ੍ਹ/ਵਿਨੋਦ ਸ਼ਰਮਾ:-** ਦੇਸ਼ ਦੇ ਕਈ ਸੂਬਿਆਂ 'ਚ ਇਕ ਵਾਰ ਫਿਰ ਤੋਂ ਕੋਰੋਨਾ ਦੇ ਮਾਮਲੇ ਵਧਣੇ ਸ਼ੁਰੂ ਹੋ ਗਏ ਹਨ ਇਸੇ ਦੇ ਮੱਦੇਨਜ਼ਰ ਚੰਡੀਗੜ੍ਹ ਸਿਹਤ ਵਿਭਾਗ 'ਅਲਰਟ' ਹੋ ਗਿਆ ਹੈ ਸਿਹਤ ਵਿਭਾਗ ਨੇ ਕੋਰੋਨਾ ਨੂੰ ਲੈ ਕੇ ਨਵੀਂ ਐਡਵਾਈਜ਼ਰੀ ਜਾਰੀ ਕੀਤੀ ਹੈ ਪ੍ਰਸ਼ਾਸਨ ਨੇ ਸੋਮਵਾਰ ਨੂੰ ਨਿਰਦੇਸ਼ ਜਾਰੀ ਕਰ ਕੇ ਇਕ ਵਾਰ ਫਿਰ ਫੇਸ ਮਾਸਕ ਲਾਉਣਾ ਲਾਜ਼ਮੀ ਕਰ ਦਿੱਤਾ ਹੈ ਲੋਕਾਂ ਨੂੰ ਭੀੜ ਵਾਲੀਆਂ ਥਾਵਾਂ 'ਤੇ ਮਾਸਕ ਦੀ ਵਰਤੋਂ ਕਰਨ ਦੀ ਹਦਾਇਤ ਦਿੱਤੀ ਗਈ ਹੈ ਤਾਂ ਕਿ ਇਨਫੈਕਸ਼ਨ ਨੂੰ ਫੈਲਣ ਤੋਂ ਰੋਕਿਆ ਜਾ ਸਕੇ ਖਾਸ ਤੌਰ 'ਤੇ ਜਨਤਕ ਆਵਾਜਾਈ, ਜਿਵੇਂ ਕਿ ਬੱਸਾਂ, ਰੇਲ ਗੱਡੀਆਂ, ਹਵਾਈ ਜਹਾਜ਼ਾਂ ਅਤੇ ਟੈਕਸੀਆਂ ਆਦਿ 'ਚ ਮਾਸਕ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਇਸ ਦੇ ਨਾਲ ਹੀ ਸਿਨੇਮਾ ਹਾਲ, ਸ਼ਾਪਿੰਗ ਮਾਲਜ਼ ਅਤੇ ਡਿਪਾਰਟਮੈਂਟਲ ਸਟੋਰਾਂ 'ਚ ਵੀ ਮਾਸਕ ਲਗਾਉਣ ਲਈ ਕਿਹਾ ਗਿਆ ਹੈ ਇਸ ਦੇ ਨਾਲ ਹੀ ਨਾਗਰਿਕਾਂ ਨੂੰ ਕੋਰੋਨਾ ਦੀ ਬੂਸਟਰ ਡੋਜ਼ ਲਗਵਾਉਣ ਦੀ ਸਲਾਹ ਦਿੱਤੀ ਗਈ ਹੈ ਤੇ ਆਪਣੇ ਬੱਚਿਆਂ ਨੂੰ ਵੀ ਵੈਕਸੀਨ ਲਗਵਾਉਣ ਲਈ ਕਿਹਾ ਗਿਆ ਹੈ।




## ਪੰਜਾਬ ਵਿੱਚ ਹੁਣ ਲੁਟੇਰਿਆਂ ਨੇ ਮਾਰੀ ਥਾਣੇਦਾਰ ਨੂੰ ਗੋਲੀ

**ਅਮ੍ਰਿਤਸਰ/ਰਾਜਾ ਕੋਟਲੀ**

ਪੰਜਾਬ ਪੁਲਸ ਦੇ ਏ. ਐੱਸ. ਆਈ. ਸਤਨਾਮ ਸਿੰਘ ਤੋਂ ਲੁੱਟ-ਖੋਹ ਕਰਨ ਦੌਰਾਨ ਦੋ ਲੁਟੇਰੇ ਗੋਲ਼ੀ ਮਾਰ ਕੇ ਫ਼ਰਾਰ ਹੋ ਗਏ, ਜਦਕਿ ਜ਼ਖ਼ਮੀ ਏ. ਐੱਸ. ਆਈ. ਸਤਨਾਮ ਸਿੰਘ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ ਫਿਲਹਾਲ ਥਾਣਾ ਕੱਥੂਨੰਗਲ ਦੀ ਪੁਲਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ ਜਾਣਕਾਰੀ ਅਨੁਸਾਰ ਅੰਮ੍ਰਿਤਸਰ ਦਿਹਾਤੀ 'ਚ ਤਾਇਨਾਤ ਏ. ਐੱਸ. ਆਈ. ਸਤਨਾਮ ਸਿੰਘ ਨੇ ਦੱਸਿਆ ਕਿ ਦੁਪਹਿਰ ਤਕਰੀਬਨ 12 ਵਜੇ ਉਹ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਪਣੀ ਪਤਨੀ ਨੂੰ ਲੈਣ ਲਈ ਕੱਥੂਨੰਗਲ ਦੇ ਅੱਡਾ ਤਲਵੰਡੀ ਘੁੰਮਣ ਵਿਖੇ ਗਿਆ ਸੀ, ਜਿਥੇ ਉਹ ਆਪਣੀ ਪਤਨੀ ਦੀ ਉਡੀਕ ਕਰ ਰਿਹਾ ਸੀ ਇਸ ਦੌਰਾਨ ਦੋ ਅਣਪਛਾਤੇ ਬਾਈਕ ਸਵਾਰ ਲੁਟੇਰੇ ਆਏ ਅਤੇ ਉਸ ਤੋਂ ਪਤਾ ਪੁੱਛਣ ਲੱਗੇ ਜਦੋਂ ਤਕ ਮੈਂ ਪਤਾ ਦੱਸਦਾ ਤਾਂ ਉਨ੍ਹਾਂ 'ਚੋਂ ਇਕ ਨੇ ਪਿਸਤੌਲ ਤਾਣ ਦਿੱਤਾ ਤੇ ਉਸ ਦਾ ਪਰਸ ਖੋਹਣ ਦੀ ਕੋਸ਼ਿਸ਼ ਕਰਨ ਲੱਗਾ। ਲੁਟੇਰੇ ਦੇ ਹੱਥਾਂ 'ਚ ਪਿਸਤੌਲ ਦੇਖ ਉਹ ਉਸ ਨਾਲ ਭਿੜ ਗਿਆ ਉਸ ਨੇ ਇਕ ਲੁਟੇਰੇ ਨੂੰ ਸੜਕ 'ਤੇ ਸੁੱਟ ਦਿੱਤਾ, ਜਦਕਿ ਦੂਜੇ ਨੇ ਉਸ ਦੇ ਪੱਟ 'ਚ ਗੋਲੀ ਮਾਰ ਦਿੱਤੀ।



## ਜੰਮੂ ਕਸ਼ਮੀਰ ਚ 100 ਹਜਾਰ ਦੇ ਕਰੀਬ ਅੱਤਵਾਦੀ ਮਾਰੇ ਗਏ ਇਸ ਸਾਲ- ਆਈ ਜੀ ਪੀ

**ਸ੍ਰੀਨਗਰ/ਲੋਕ ਬਾਣੀ**

ਆਈ.ਜੀ.ਪੀ. ਕਸ਼ਮੀਰ ਵਿਜੇ ਕੁਮਾਰ ਦਾ ਕਹਿਣਾ ਹੈ ਕਿ ਇਸ ਸਾਲ 2022 'ਚ 5 ਮਹੀਨੇ ਅਤੇ 12 ਦਿਨਾਂ ਅੰਦਰ ਵੱਖ ਵੱਖ ਮੁੱਠਭੇੜਾਂ 'ਚ 100 ਅੱਤਵਾਦੀ (71 ਸਥਾਨਕ, 29 ਵਿਦੇਸ਼ੀ) ਮਾਰੇ ਗਏ ਹਨ ਪਿਛਲੇ ਸਾਲ ਇਸੇ ਮਿਆਦ ਵਿਚ 50 ਅੱਤਵਾਦੀ ਮਾਰੇ ਗਏ ਸਨ ਲਸ਼ਕਰ ਅਤੇ ਜੈਸ਼ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ ਹੈ।



ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਰਿਸ਼ਭ ਪੰਤ ਦੀ ਕਪਤਾਨੀ 'ਤੇ ਉੱਠੇ ਸਵਾਲ, ਭੜਕੇ ਦਿੱਗਜ ਖਿਡਾਰੀ

**ਨਵੀਂ ਦਿੱਲੀ/ਲੋਕ ਬਾਣੀ**

ਦੱਖਣੀ ਅਫਰੀਕਾ ਖਿਲਾਫ ਖੇਡੇ ਜਾ ਰਹੇ ਸੀਰੀਜ਼ ਦੇ ਦੂਜੇ ਟੀ-20 ਮੈਚ 'ਚ ਟੀਮ ਇੰਡੀਆ ਨੂੰ ਚਾਰ ਵਿਕਟਾਂ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ ਹੁਣ ਟੀਮ ਇੰਡੀਆ ਸੀਰੀਜ਼ 'ਚ 0-2 ਨਾਲ ਪਿੱਛੇ ਹੈ ਲਗਾਤਾਰ ਦੋ ਹਾਰਾਂ ਤੋਂ ਬਾਅਦ ਪਹਿਲੀ ਵਾਰ ਟੀਮ ਇੰਡੀਆ ਦੀ ਕਮਾਨ ਸੰਭਾਲ ਰਹੇ ਰਿਸ਼ਭ ਪੰਤ ਦੇ ਫੈਸਲਿਆਂ 'ਤੇ ਸਵਾਲ ਉੱਠ ਰਹੇ ਹਨ ਅਨੁਭਵੀ ਖਿਡਾਰੀਆਂ ਨੇ ਦਿਨੇਸ਼ ਕਾਰਤਿਕ ਤੋਂ ਪਹਿਲਾਂ ਅਕਸ਼ਰ ਪਟੇਲ ਨੂੰ ਬੱਲੇਬਾਜ਼ੀ ਲਈ ਭੇਜਣ ਦੇ ਪੰਤ ਦੇ ਫੈਸਲੇ ਦੀ ਆਲੋਚਨਾ ਕੀਤੀ ਹੈ। ਰਿਸ਼ਭ ਪੰਤ ਨੇ 13ਵੇਂ ਓਵਰ ਵਿੱਚ ਹੀ ਅਕਸ਼ਰ ਪਟੇਲ ਨੂੰ ਬੱਲੇਬਾਜ਼ੀ ਲਈ ਭੇਜਿਆ ਪਰ ਪੰਤ ਦੀ ਇਹ ਬਾਜ਼ੀ ਕੰਮ ਨਹੀਂ ਆਈ ਅਤੇ ਪਟੇਲ ਸਿਰਫ਼ 9 ਦੌੜਾਂ ਬਣਾ ਕੇ ਪੈਵੇਲੀਅਨ ਪਰਤ ਗਏ ਇਸ ਦੇ ਨਾਲ ਹੀ ਕਾਰਤਿਕ ਨੇ 21 ਗੇਂਦਾਂ 'ਤੇ ਨਾਬਾਦ 30 ਦੌੜਾਂ ਦੀ ਪਾਰੀ ਖੇਡੀ ਸਾਬਕਾ ਭਾਰਤੀ ਕਪਤਾਨ ਸੁਨੀਲ ਗਾਵਸਕਰ ਨੇ ਕਿਹਾ ਕਿ ਦਿਨੇਸ਼ ਕਾਰਤਿਕ ਨੂੰ ਅਕਸ਼ਰ ਪਟੇਲ ਤੋਂ ਪਹਿਲਾਂ ਬੱਲੇਬਾਜ਼ੀ ਲਈ ਭੇਜਿਆ ਜਾਣਾ ਚਾਹੀਦਾ ਸੀ ਉਸ ਨੇ ਕਿਹਾ, ਕਈ ਵਾਰ ਤੁਸੀਂ ਖਿਡਾਰੀਆਂ 'ਤੇ ਫਿਨਿਸ਼ਰ ਹੋਣ ਦਾ ਟੈਗ ਲਗਾ ਦਿੰਦੇ ਹੋ ਅਤੇ ਵਿਸ਼ਵਾਸ ਹੈ ਕਿ ਉਹ 15ਵੇਂ ਓਵਰ ਤੋਂ ਬਾਅਦ ਹੀ ਬੱਲੇਬਾਜ਼ੀ ਲਈ ਆਵੇਗਾ ਪਰ ਲੋੜ ਪੈਣ 'ਤੇ ਅਜਿਹੇ ਖਿਡਾਰੀ ਨੂੰ ਜਲਦੀ ਭੇਜਿਆ ਜਾਣਾ ਚਾਹੀਦਾ ਹੈ ਉਸ ਮੁਤਾਬਕ ਉਹ ਖੇਡ ਨੂੰ ਸਮਝ ਕੇ ਪਾਰੀ ਨੂੰ ਅੱਗੇ ਵਧਾ ਸਕਦਾ ਹੈ।



## ਜੰਗਲਾਤ ਘੁਟਾਲਾ ਮਾਮਲੇ 'ਚ ਪੰਜਾਬ ਵਿਜੀਲੈਂਸ

**ਚੰਡੀਗੜ੍ਹ/ਲੋਕ ਬਾਣੀ**

ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਦੀ ਗ੍ਰਿਫਤਾਰੀ ਤੋਂ ਬਾਅਦ ਹੁਣ ਜੰਗਲਾਤ ਮਹਿਕਮੇ ਵਿੱਚ ਹੋਰ ਪਰਤਾ ਖੁਲਦੀਆਂ ਹੋਈਆਂ ਵਿਖਾਈ ਦੇ ਰਹੀਆਂ ਹਨ॥

ਖ਼ਬਰ ਮੁਤਾਬਕ ਜੰਗਲਾਤ ਘੁਟਾਲਾ ਮਾਮਲੇ ਚ ਪੰਜਾਬ ਵਿਜੀਲੈਂਸ ਵਲੋਂ 16 ਹੋਰ ਡੀਐਫ਼ਓ ਨੂੰ ਸੰਮਨ ਜਾਰੀ ਕੀਤੇ ਹਨ। ਦੱਸਿਆ ਜਾ ਰਿਹਾ ਹੈ ਕਿ, ਉਕਤ ਡੀਐਫ਼ਓ ਦੀ ਕਥਿਤ ਤੌਰ ਤੇ ਘੁਟਾਲੇ ਵਿੱਚ ਹਿੱਸੇਦਾਰੀ ਸੀ ਅਤੇ ਮੰਤਰੀ ਦੇ ਕਹੇ ਤੇ ਉਕਤ ਡੀਐਫ਼ਐਓ ਵਲੋਂ ਅੰਦਰਖ਼ਾਤੇ ਘਪਲੇਬਾਜ਼ੀ ਕਰਕੇ ਮੰਤਰੀ ਦਾ ਢਿੱਡ ਵੀ ਭਰਿਆ ਜਾਂਦਾ ਸੀ॥

# ਬੇਰੁਜ਼ਗਾਰ ਅਧਿਆਪਕਾਂ ਨੇ ਕੀਤਾ ਵੱਡਾ ਐਲਾਨ; 16 ਜੂਨ ਨੂੰ ਘੇਰਣਗੇ CM ਭਗਵੰਤ ਮਾਨ ਦੀ ਰਿਹਾਇਸ਼

**ਸੰਗਰੂਰ/ਲੋਕ ਬਾਣੀ**

ਰੁਜ਼ਗਾਰ ਦੀ ਮੰਗ ਸੰਘਰਸ਼ ਕਰ ਰਹੇ ਬੇਰੁਜ਼ਗਾਰ ਈਟੀਟੀ ਟੈੱਟ ਪਾਸ ਅਧਿਆਪਕਾਂ ਵੱਲੋਂ ਅੱਜ ਸੂਬਾ ਪ੍ਰਧਾਨ ਦੀਪਕ ਕੰਬੋਜ ਦੀ ਅਗਵਾਈ ਹੇਠ ਮੀਟਿੰਗ ਹੋਈ ਜਿਸ ਵਿੱਚ ਫ਼ੈਸਲਾ ਲਿਆ ਗਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬੇਰੁਜ਼ਗਾਰ ਅਧਿਆਪਕਾਂ ਦੀਆਂ ਈਟੀਟੀ ਟੈਟ ਪਾਸ ਦੀਆਂ ਅਸਾਮੀਆਂ ਨੂੰ ਪੂਰੀ ਕਰਨ ਦੇ ਹੱਕ ਵਿੱਚ ਨਹੀਂ ਸਗੋਂ ਉਨ੍ਹਾਂ ਦੀਆਂ ਭਰਤੀਆਂ ਨੂੰ ਹੋਰ ਲੰਮੇ ਸਮੇਂ ਤਕ ਲਮਕਾਉਣ ਸੋਚ ਰੱਖਦੀ ਹੈ। ਇਸ ਲਈ ਕੁੰਭਕਰਨੀ ਨੀਂਦ ਸੁੱਤੀ ਪਈ ਸਰਕਾਰ ਨੂੰ ਜਗਾਉਣ ਲਈ ਬੇਰੁਜ਼ਗਾਰ ਈਟੀਟੀ ਟੈੱਟ ਪਾਸ ਅਧਿਆਪਕਾਂ ਵੱਲੋਂ 16 ਜੂਨ ਨੂੰ ਮੁੱਖ ਮੰਤਰੀ ਨਿਵਾਸ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਬੇਰੁਜ਼ਗਾਰ ਈਟੀਟੀ ਟੈੱਟ ਪਾਸ ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਦੀਪਕ ਕੰਬੋਜ ਨੇ ਕਿਹਾ ਕਿ 16 ਮਈ ਨੂੰ 6635 ਈਟੀਟੀ ਅਧਿਆਪਕਾਂ ਦੀ ਭਰਤੀ ਤੇ ਰੋਕ ਹਟਣ ਤੋਂ ਬਾਵਜੂਦ ਵੀ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਅਧਿਆਪਕਾਂ ਦੀ ਭਰਤੀ ਨੂੰ ਪੂਰੀ ਕਰਨ ਦੇ ਲਈ ਕੋਈ ਵੀ ਠੋਸ ਕਦਮ ਨਹੀਂ ਚੁੱਕਿਆ ਜਾ ਰਿਹਾ ਹੈ।



# ਵੱਡੀ ਖ਼ਬਰ: ਪੰਜਾਬ ਦੇ ਇਸ ਜ਼ਿਲ੍ਹੇ 'ਚ ਸ਼ਾਮ 8 ਵਜੇ ਤੋਂ ਸਵੇਰੇ 5 ਵਜੇ ਤੱਕ ਠੀਕਰੀ ਪਹਿਰਾ ਲਾਉਣ ਦੇ ਹੁਕਮ

**ਮਾਨਸਾ/ਲੋਕ ਬਾਣੀ**

ਜ਼ਿਲਾ ਮੈਜਿਸਟਰੇਟ-ਕਮ-ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਪੰਜਾਬ ਵਿਲੇਜ਼ ਤੇ ਸਮਾਲ ਟਾਊਨਜ਼/ਪੈਟਰੋਲ ਐਕਟ 1918 ਦੀ ਧਾਰਾ 3 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਾਨਸਾ ਜ਼ਿਲੇ ਅੰਦਰ ਸਾਰੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਦੇ ਨਰੋਈ ਸਿਹਤ ਵਾਲੇ ਸਾਰੇ ਬਾਲ ਵਿਅਕਤੀਆਂ ਨੂੰ ਅਮਨ ਤੇ ਕਾਨੂੰਨ ਦੀ ਸਥਿਤੀ ਕਾਇਮ ਰੱਖਣ ਲਈ, ਹਰ ਰੋਜ਼ ਸ਼ਾਮ ਨੂੰ 8 ਵਜੇ ਤੋਂ ਸਵੇਰੇ 5 ਵਜੇ ਤੱਕ ਗਸ਼ਤ ਕਰਨ ਅਤੇ ਠੀਕਰੀ ਪਹਿਰਾ ਦੇਣ ਦੀ ਡਿਊਟੀ ਨਿਭਾਉਣ ਦੇ ਆਦੇਸ਼ ਜਾਰੀ ਕੀਤੇ ਹਨ। ਹੁਕਮ ਵਿਚ ਜ਼ਿਲਾ ਮੈਜਿਸਟਰੇਟ ਨੇ ਕਿਹਾ ਕਿ ਜ਼ਿਲੇ ਦੀ ਹਰ ਨਗਰ ਕੌਂਸਲ, ਨਗਰ ਪੰਚਾਇਤ ਅਤੇ ਪਿੰਡਾਂ ਦੀਆਂ ਪੰਚਾਇਤਾਂ ਉਕਤ ਐਕਟ ਦੀ ਧਾਰਾ 4(1) ਦੀ ਪੂਰੀ ਤਰਜ਼ਮਾਨੀ ਕਰਦਿਆਂ ਆਪਣੇ ਕਾਰਜ ਖੇਤਰ ਅੰਦਰ ਠੀਕਰੀ ਪਹਿਰਾ ਲਾਗੂ ਕਰਵਾਉਣਗੀਆਂ।

ਡਿਊਟੀ ਦੇਣ ਵਾਲੇ ਵਿਅਕਤੀਆਂ ਦੀ ਅਗਾਊਂ ਸੂਚਨਾ ਸਬੰਧਤ ਮੁੱਖ ਥਾਣਾ ਅਫ਼ਸਰ ਨੂੰ ਮੁਹੱਈਆ ਕਰਵਾਉਣਗੀਆਂ ਜ਼ਿਲਾ ਮੈਜਿਸਟਰੇਟ ਨੇ ਕਿਹਾ ਕਿ ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ, ਜ਼ਿਲਾ ਮਾਨਸਾ ਦੀ ਆਮ ਜਨਤਾ ਲਈ ਵਿਸ਼ੇਸ਼ ਸੁਰੱਖਿਆ ਪ੍ਰਬੰਧ ਕਰਨ ਦੇ ਮੰਤਵ ਲਈ ਨਹਿਰਾਂ, ਡਰੇਨਾ ਦੇ ਕੰਢੇ ਅਤੇ ਪੁਲਾਂ, ਪਾਵਰ ਟਰਾਂਸਮਿਸ਼ਨ ਲਾਈਨਾਂ, ਸਬ ਸਟੇਸ਼ਨਾਂ ਅਤੇ ਟਰਾਂਸਫਾਰਮਰਜ਼, ਰੇਲਵੇ ਦੀਆਂ ਪਟੜੀਆਂ, ਸਰਕਾਰੀ ਪ੍ਰਾਪਰਟੀ, ਅਨਾਜ ਦੇ ਭੰਡਾਰ ਘਰਾਂ, ਪੈਟਰੋਲ ਪੰਪਾਂ, ਬੈਂਕਾਂ, ਡਾਕਘਰਾਂ, ਸਕੂਲਾਂ, ਵੱਖ ਵੱਖ ਧਾਰਮਿਕ ਅਦਾਰਿਆਂ ਅਤੇ ਹੋਰ ਸਰਕਾਰੀ ਦਫ਼ਤਰਾਂ ਦੀ ਭੰਨਤੋੜ ਅਤੇ ਕਿਸੇ ਅਣਸੁਖਾਵੀਂ ਘਟਨਾਂ ਨੂੰ ਵਾਪਰਨ ਤੋਂ ਬਚਾਉਣ ਦੀ ਲੋੜ ਹੈ। ਇਸ ਤਰਾਂ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਜ਼ਿਲੇ ਅੰਦਰ ਪੈਂਦੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ ਠੀਕਰੀ ਪਹਿਰਾ ਲਗਾਉਣ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ ਇਹ ਹੁਕਮ 31 ਜੁਲਾਈ 2022 ਤੱਕ ਲਾਗੂ ਰਹੇਗਾ।

# ਜਲੰਧਰ ਤੋਂ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਲਈ ਲਗਜ਼ਰੀ ਬੱਸ ਸੇਵਾ ਦੀ ਸ਼ੁਰੂਆਤ ਸਬੰਧੀ ਤਿਆਰੀਆਂ ਮੁਕੰਮਲ



**ਜਲੰਧਰ/ਸੰਜੇ ਰਾਜਪੂਤ**

15 ਜੂਨ ਨੂੰ ਜਲੰਧਰ ਤੋਂ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਲਈ ਲਗਜ਼ਰੀ ਬੱਸ ਸੇਵਾ ਦੀ ਸ਼ੁਰੂਆਤ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਸਾਂਝੇ ਤੌਰ 'ਤੇ ਸਥਾਨਕ ਸ਼ਹੀਦ ਭਗਤ ਸਿੰਘ ਅੰਤਰਰਾਜੀ ਬੱਸ ਟਰਮੀਨਲ ਤੋਂ ਦੋ ਬੱਸਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਨੇ ਪੁਲਿਸ ਕਮਿਸ਼ਨਰ ਗੁਰਸ਼ਰਨ ਸਿੰਘ ਸੰਧੂ ਦੇ ਨਾਲ ਸੋਮਵਾਰ ਨੂੰ ਇਸ ਸਮਾਗਮ ਦੇ ਪ੍ਰਬੰਧਾਂ ਨੂੰ ਅੰਤਿਮ ਛੋਹਾਂ ਦਿੱਤੀਆਂ ਉਨ੍ਹਾਂ ਵੱਲੋਂ ਉਸ ਥਾਂ ਦਾ ਮੁਆਇਨਾ ਵੀ ਕੀਤਾ ਗਿਆ, ਜਿੱਥੋਂ ਬੱਸਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਜਾਵੇਗਾ ਸਮਾਗਮ ਵਾਲੀ ਥਾਂ 'ਤੇ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਡਿਪਟੀ ਕਮਿਸ਼ਨਰ ਨੇ ਸੁਰੱਖਿਆ, ਪਾਰਕਿੰਗ, ਬੈਠਣ, ਮੈਡੀਕਲ ਸਮੇਤ ਸਾਰੇ ਇੰਤਜ਼ਾਮਾਂ ਦਾ ਜਾਇਜ਼ਾ ਲਿਆ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਮਾਗਮ ਦੀ ਸ਼ੁਰੂਆਤ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਬੱਸ ਸਟੈਂਡ ਕੰਪਲੈਕਸ ਅੰਦਰ ਸ਼ਹੀਦ ਭਗਤ ਸਿੰਘ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ। ਡਿਪਟੀ ਕਮਿਸ਼ਨਰ ਅਤੇ ਪੁਲਿਸ ਕਮਿਸ਼ਨਰ ਵੱਲੋਂ ਸਮਾਗਮ ਨੂੰ ਸੁਚਾਰੂ ਅਤੇ ਨਿਰਵਿਘਨ ਢੰਗ ਨਾਲ ਨੇਪਰੇ ਚਾੜ੍ਹਨ ਲਈ ਨੋਡਲ ਅਫ਼ਸਰ ਵੀ ਤਾਇਨਾਤ ਕੀਤੇ ਗਏ।

## ਰੂਸ ਦਾ ਯੂਕ੍ਰੇਨ 'ਤੇ ਬੰਬਾਂ ਨਾਲ ਵੱਡਾ ਹਮਲਾ, ਨਦੀ 'ਤੇ ਬਣਿਆ ਪੁਲ ਉਡਾਇਆ



**ਯੂਕ੍ਰੇਨ/ਲੋਕ ਬਾਣੀ**

ਰੂਸ ਅਤੇ ਯੂਕ੍ਰੇਨ ਵਿਚਾਲੇ ਲਗਾਤਾਰ ਜੰਗ ਜਾਰੀ ਹੈ ਯੂਕ੍ਰੇਨ ਨੇ ਹਾਲੇ ਤੱਕ ਰੂਸ ਅੱਗੇ ਹਥਿਆਰ ਨਹੀਂ ਸੁੱਟੇ, ਪਰ ਰੂਸ ਨੇ ਵੀ ਯੂਕ੍ਰੇਨ ਤੋਂ ਪਿੱਛੇ ਨਾ ਹਟਣ ਦੀ ਸੌਂਹ ਖਾ ਲਈ ਹੈ। ਜਾਣਕਾਰੀ ਅਨੁਸਾਰ ਤਾਜ਼ਾ ਖ਼ਬਰਾਂ ਇਹ ਮਿਲੀਆਂ ਹਨ ਕਿ, ਰੂਸੀ ਫ਼ੌਜ ਨੇ ਯੁੱਧ ਪ੍ਰਭਾਵਿਤ ਯੂਕਰੇਨ ਦੇ ਸ਼ਹਿਰ ਸਿਵੀਏਰੋਡੋਨੇਤਸਕ ਨੂੰ ਦੇਸ਼ ਦੇ ਹੋਰ ਸ਼ਹਿਰਾਂ ਨਾਲ ਜੋੜਨ ਵਾਲੇ ਨਦੀ ਦੇ ਪੁਲ ਨੂੰ ਉਡਾ ਦਿੱਤਾ। ਇਸ ਨਾਲ ਲੋਕਾਂ ਲਈ ਦੇਸ਼ ਛੱਡਣ ਦਾ ਇੱਕੋ ਇੱਕ ਰਸਤਾ ਵੀ ਖ਼ਤਮ ਹੋ ਗਿਆ ਇਹ ਜਾਣਕਾਰੀ ਸਥਾਨਕ ਅਧਿਕਾਰੀਆਂ ਨੇ ਐਤਵਾਰ ਨੂੰ ਦਿੱਤੀ।

# ਕੇਜਰੀਵਾਲ ਦੇ ਸਿਹਤ ਮੰਤਰੀ ਨੂੰ ਅਦਾਲਤ ਦਾ ਵੱਡਾ ਝਟਕਾ, 14 ਦਿਨ ਹੋਰ ਰਹਿਣ ਪਵੇਗਾ ਜੇਲ੍ਹ 'ਚ

**ਦਿੱਲੀ/ਲੋਕ ਬਾਣੀ:-** ਦਿੱਲੀ ਦੇ ਸਿਹਤ ਮੰਤਰੀ ਸਤੇਂਦਰ ਜੈਨ ਨੂੰ ਐਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਮਨੀ ਲਾਂਡਰਿੰਗ ਮਾਮਲੇ ਵਿੱਚ ਗ੍ਰਿਫ਼ਤਾਰ ਕਰਨ ਤੋਂ ਬਾਅਦ ਇੱਕ ਹੋਰ ਵੱਡਾ ਝਟਕਾ ਲੱਗਾ ਹੈ। ਰੌਜ਼ ਐਵੇਨਿਊ ਅਦਾਲਤ ਨੇ ਸਤੇਂਦਰ ਜੈਨ ਨੂੰ ਮੁੜ 14 ਦਿਨਾਂ ਲਈ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਸਤਿੰਦਰ ਜੈਨ ਦੇ ਪੁਲਿਸ ਰਿਮਾਂਡ ਦਾ ਅੱਜ ਆਖਰੀ ਦਿਨ ਸੀ, ਪਰ ਹੁਣ ਅਦਾਲਤ ਨੇ 'ਆਪ' ਮੰਤਰੀ ਨੂੰ ਮੁੜ 14 ਦਿਨਾਂ ਲਈ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ

# ਪੰਜਾਬ ਸਰਕਾਰ ਵੱਲੋਂ ਸਾਬਕਾ ਪੰਚਾਇਤ ਮੰਤਰੀ 'ਤੇ ਸ਼ਕੰਜ਼ਾ ਕੱਸਣ ਤਿਆਰੀ

**ਅੰਮ੍ਰਿਤਸਰ/ਲੋਕ ਬਾਣੀ:-** ਪੰਜਾਬ ਸਰਕਾਰ ਦੇ ਵਲੋਂ ਸਾਬਕਾ ਪੰਚਾਇਤ ਮੰਤਰੀ 'ਤੇ ਸ਼ਕੰਜਾ ਕੱਸਣ ਦੀ ਤਿਆਰੀ ਕਰ ਲਈ ਹੈ ਦਰਅਸਲ, ਪੰਜਾਬ ਦੀ ਭਗਵੰਤ ਮਾਨ ਸਰਕਾਰ ਦੇ ਪੰਚਾਇਤ ਮੰਤਰੀ ਕੁਲਦੀਪ ਧਾਲੀਵਾਲ ਨੇ ਕਿਹਾ ਹੈ ਕਿ, ਸਾਬਕਾ ਪੰਚਾਇਤ ਮੰਤਰੀ ਨੇ ਅੰਮ੍ਰਿਤਸਰ ਦੇ ਇਕ ਪਿੰਡ ਨਾਲ ਸੰਬੰਧਿਤ ਸਰਕਾਰੀ ਜ਼ਮੀਨ ਨੂੰ ਜਿੱਥੋ ਨਿਯਮਾਂ ਦੇ ਉਲਟ ਜਾ ਕੇ ਸਸਤੇ ਭਾਅ 'ਤੇ ਵੇਚਿਆ ਗਿਆ ਹੈ, ਜਿਸ ਦੀ ਜਾਂਚ ਉਨ੍ਹਾਂ ਵਲੋਂ ਸ਼ੁਰੂ ਕਰ ਦਿੱਤੀ ਗਈ ਹੈ ਮੀਡੀਆ ਦੇ ਨਾਲ ਗੱਲਬਾਤ ਦੌਰਾਨ ਪੰਚਾਇਤ ਮੰਤਰੀ ਕੁਲਦੀਪ ਧਾਲੀਵਾਲ ਨੇ ਦੋਸ਼ ਲਗਾਇਆ ਕਿ, 10 ਮਾਰਚ ਨੂੰ ਪੰਜਾਬ ਵਿੱਚ ਆਪ ਦੀ ਸਰਕਾਰ ਬਣੀ ਅਤੇ 11 ਮਾਰਚ ਨੂੰ ਚੋਣ ਜਾਬਤੇ ਦੌਰਾਨ ਹੀ ਸਾਬਕਾ ਪੰਚਾਇਤ ਮੰਤਰੀ ਦੇ ਵਲੋਂ ਦਸਤਖ਼ਤ ਕਰਕੇ ਸਰਕਾਰੀ ਜ਼ਮੀਨ ਵੇਚ ਦਿੱਤੀ ਗਈ ਦੂਜੇ ਪਾਸੇ, ਸਾਬਕਾ ਪੰਚਾਇਤ ਮੰਤਰੀ ਨੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਪੰਜਾਬ ਕੁਲਦੀਪ ਧਾਲੀਵਾਲ ਵਲੋਂ ਸਰਕਾਰੀ ਜ਼ਮੀਨ ਵੇਚਣ ਤੇ ਘਪਲਾ ਕਰਨ ਦੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ।

Website : www.lokbani.com
lokbani08@gmail.com

# ਕਸਬਾ ਸ਼ੇਰਪੁਰ ’ਚ ਚੋਰੀਆਂ ਦਾ ਸਿਲਸਿਲਾ ਲਗਾਤਾਰ ਜਾਰੀ



## ਮੁੱਖ ਮੰਤਰੀ ਦਾ ਜਿਲੇ ਹੋਵੇ.! ਪੈਦੇ ਕਸਬਾ ਸ਼ੇਰਪੁਰ ’ਚ ਹਰ ਰੋਜ ਹੋ ਰਹੀਆਂ ਚੋਰੀਆਂ ਨੂੰ ਲੈ ਕਿ ਜ਼ਿਲ੍ਹਾ ਪੁਲੀਸ ਮੁਖੀ ਸੰਗਰੂਰ ਤੇ ਸਵਾਲੀਆ ਚਿੰਨ੍ਹ ਖੜ੍ਹਾ ਹੁੰਦਾ.?

**ਸ਼ੇਰਪੁਰ/ਯਾਦਵਿੰਦਰ ਸਿੰਘ ਮਾਹੀ**

ਜ਼ਿਲ੍ਹਾ ਸੰਗਰੂਰ ਚ@ ਪੈਂਦੇ ਕਸਬਾ ਸ਼ੇਰਪੁਰ ਦਾ ਨਾਮ ਹਰ ਰੋਜ਼ ਅਖ਼ਬਾਰਾਂ ਦੀਆਂ ਸੁਰਖੀਆਂ ਵਿੱਚ ਕਿਸੇ ਨਾ ਕਿਸੇ ਕਾਰ ਆਉਂਦਾ ਹੀ ਰਹਿੰਦਾ ਹੈ ਪਰ ਪਿਛਲੇ ਦਿਨਾਂ ਤੋਂ ਕੁਝ ਜ਼ਿਆਦਾ ਹੀ ਆ ਰਿਹਾ ਹੈ ਕਿਉਂਕਿ ਅਸਲ ਸੱਚ ਤਾਂ ਇਹ ਹੈ ਕਿ ਥਾਣਾ ਸ਼ੇਰਪੁਰ ਚ@ ਪੈਂਦੇ ਪਿੰਡਾਂ ਚ@ ਚੋਰੀਆਂ ਦੀਆਂ ਘਟਨਾਵਾਂ ਦਿਨੋ ਦਿਨ ਅਣਗਿਣਤ ਵਾਧਾ ਹੋ ਰਿਹਾ ਹੈ, ਜਿਸ ਨੂੰ ਲੈ ਕੇ ਪਿੰਡਾਂ ਅਤੇ ਕਸਬਾ ਸ਼ੇਰਪੁਰ ਦੇ ਲੋਕ ਗਹਿਰੀ ਚਿੰਤਾ ਵਿੱਚ ਹਨ ਅਤੇ ਪੁਲਿਸ ਉੱਚ ਅਧਿਕਾਰੀਆਂ ਤੋਂ ਮੰਗ ਵੀ ਕੀਤੀ ਹੈ ਕਿ ਅਣਗਹਿਲੀ ਕਰਨ ਵਾਲੇ ਅਫਸਰਾਂ ਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਚਾਹੇ ਉਹ ਕੋਈ ਵੀ ਹੋਵੇ ਇਨ੍ਹਾਂ ਚੋਰੀਆਂ ਨੂੰ ਲੈ ਕੇ ਐੱਸ.ਐੱਚ.ਓ ਸ਼ੇਰਪੁਰ ਤੇ ਜ਼ਿਲਾ ਪੁਲਿਸ ਮੁਖੀ ਸੰਗਰੂਰ ਤੇ ਵੀ ਸਵਾਲੀਆ ਚਿੰਨ੍ਹ ਖੜ੍ਹਾ ਹੁੰਦਾ ਹੈ ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਚੋਣਵੇਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਨਾਜ਼ਮ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਹੇੜੀਕੇ ਜਗਤਾਰ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ ਹੇੜੀਕੇ ਨੇ ਕੀਤਾ ਅਤੇ ਕਿਹਾ ਕਿ 12 ਜੂਨ ਦੀ ਰਾਤ ਨੂੰ ਸਾਡੀ ਮੋਟਰਾ ਤੋਂ ਦੋ ਟਰਾਂਸਫਾਰਮਰ ਚੋਰੀ ਕੀਤੇ ਗਏ ਹਨ ਨਾਜ਼ਮ ਸਿੰਘ ਹੇੜੀਕੇ ਨੇ ਦੱਸਿਆ ਕਿ ਇੱਥੇ ਇਹ ਵੀ ਹੈਰਾਨ ਕਰਨ ਵਾਲੀ ਅਤੇ ਹਾਸੋਹੀਣ ਕਰਨ ਵਾਲੀ ਗੱਲ ਇਹ ਹੈ ਕਿ 5 ਲਿਟਰ ਰਾਊਂਡਅੱਪ ਲੱਗਭੱਗ 3000 ਕੀਮਤ ਦੀ ਬਣਦੀ ਹੈ,ਮੋਨੋਸਿਲ 3 ਲਿਟਰ, ਕੋਰੋ ਜੈੱਲ 1 ਲਿਟਰ 2000 ਕੀਮਤ ਦੀ ਬਣਦੀ ਹੈ ਅਤੇ ਗਲਾਸ, ਕੌਲੀਆਂ, ਚਾਰਜ ਵੀ ਚੋਰੀ ਕਰਕੇ ਨਾਲ ਲੈ ਗਏ ਹਨ, ਸਿਰਫ ਟਰਾਂਸਫਾਰਮ ਦਾ ਖੋਖਾ ਹੀ ਛੱਡਿਆ ਪਰ ਪੁਲਿਸ ਪ੍ਰਸ਼ਾਸਨ ਹਾਲੇ ਵੀ ਗਹਿਰੀ ਨੀਂਦ ਵਿਚ ਸੌਂ ਰਹੀ ਹੈ ਹਾਲਾਂਕਿ ਚੋਰ ਜਾਗਦੇ ਫਿਰਦੇ ਹਨ ਤੇ ਆਪਣਾ ਕੰਮ ਕਰ ਰਹੇ ਹਨ ਇਸਦੇ ਨਾਲ ਹੀ ਇਕ ਹੋਰ ਕਸਬਾ ਸ਼ੇਰ ਪਰਦੇ ਵਿੱਚੋਂ ਕਾਤਰੋਂ ਚੌਕ ਨੇੜ? ਮੋਟਰਸਾਈਕਲ ਵੀ ਚੋਰੀ ਕੀਤਾ ਗਿਆ ਹੈ ਜਿਸ ਦੀ ਹੁਣ ਤਕ ਉੱਘ ਸੁੱਘ ਵੀ ਪਤਾ ਨਹੀਂ ਲੱਗ ਸਕਿਆ ਆਖ਼ਰ ਕਿਸ ਦੀ ਸ਼ਹਿ ਤੇ ਜਾਂ ਫਿਰ..? ਇਲਾਕੇ ਵਿੱਚ ਹੋ ਰਹੀਆਂ ਚੋਰੀਆਂ ਨੂੰ ਲੈ ਕੇ ਕਸਬਾ ਸ਼ੇਰਪੁਰ ਤੇ ਨਾਲ ਲੱਗਦੇ ਪਿੰਡਾਂ ਵਿੱਚ ਜ਼ਿਆਦਾ ਚਿੰਤਾ ਪ੍ਰਗਟਾਈ ਜਾ ਰਹੀ ਹੈ ਇੱਥੇ ਇਹ ਵੀ ਇੱਕ ਸੱਚ ਆਂ ਕਿ ਥਾਣਾ ਮੁਖੀ ਸ਼ੇਰਪੁਰ ਇੰਸਪੈਕਟਰ ਸੁਖਵਿੰਦਰ ਕੌਰ ਵੱਲੋਂ ਸਖਤ ਡਿਊਟੀ ਕੀਤੀ ਜਾ ਰਹੀ ਹੈ ਉਨ੍ਹਾਂ ਨੂੰ ਕਿਸੇ ਵੇਲੇ ਵੀ ਰੋੜਾ ਤੇ ਆਮ ਦੇ ਸਕਦੇ ਹੋ ਕਿਉਂਕਿ ਉਹ ਆਪਣੀ ਡਿਊਟੀ ਪ੍ਰਤੀ ਬਹੁਤ ਇਮਾਨਦਾਰ ਅਤੇ ਵਫਾਦਾਰ ਹਨ ਇਸ ਦੇ ਨਾਲ ਉਹ ਹਰੇਕ ਕੇਸ ਨੂੰ ਬਰੀਕੀ ਨਾਲ ਜਾਂਚ ਕਰਦੇ ਹਨ

### ਕੀ ਕਹਿੰਦੇ ਹਨ ਥਾਣਾ ਮੁਖੀ ਸ਼ੇਰਪੁਰ-

ਜਦੋਂ ਇਸ ਸੰਬੰਧੀ ਥਾਣਾ ਮੁਖੀ ਸ਼ੇਰਪੁਰ ਇੰਸਪੈਕਟਰ ਸੁਖਵਿੰਦਰ ਕੌਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਮੌਕਾ ਜ਼ਰੂਰ ਦੇਖਿਆ ਗਿਆ ਪਰ ਨਾਜ਼ਮ ਸਿੰਘ ਵੱਲੋਂ ਕਿਹਾ ਗਿਆ ਕਿ ਅਜੇ ਮੈਨੂੰ ਦੋ ਦਿਨ ਮੇਰੇ ਵੱਲੋਂ ਪੜਤਾਲ ਕਰ ਲੈਣ ਦਿਓ ਐਪਲੀਕੇਸ਼ਨ ਆਉਣ ਤੋਂ ਬਾਅਦ ਚ@ ਜੋ ਵੀ ਕਾਨੂੰਨੀ ਕਾਰਵਾਈ ਬਣਦੀ ਹੈ ਉਹ ਕੀਤੀ ਜਾਵੇਗੀ।

# ਵਿਧਾਇਕ ਮਦਨ ਲਾਲ ਬੱਗਾ ਦੀ ਅਗਵਾਈ ’ਚ ਹਲਕਾ ਉੱਤਰੀ ਦੇ ਵਿਕਾਸ ਕਾਰਜ਼ਾਂ ’ਚ ਆਈ ਤੇਜ਼ੀ

## ਵਾਰਡ ਨੰਬਰ 89 ’ਚ ਸੜਕ ਨਿਰਮਾਣ ਕਾਰਜ਼ਾਂ ਦਾ ਕੀਤਾ ਉਦਘਾਟਨ

**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ:-** ਹਲਕਾ ਉੱਤਰੀ ਤੋਂ ਵਿਧਾਇਕ ਸ਼੍ਰੀ ਚੌਧਰੀ ਮਦਨ ਲਾਲ ਬੱਗਾ ਵੱਲੋਂ ਵਾਰਡ ਨੰਬਰ 89 ਅਧੀਨ ਜਨਕਪੁਰੀ, ਲਕਸ਼ਮੀਪੁਰੀ ਇਲਾਕੇ ਦੀਆਂ ਸੜ੍ਹਕਾਂ ਦੇ ਨਿਰਮਾਣ ਕਾਰਜ਼ਾਂ ਦਾ ਉਦਘਾਟਨ ਕੀਤਾ ਗਿਆ ਇਸ ਸੜ੍ਹਕੀ ਪ੍ਰੋਜੈਕਟ @ਤੇ ਕਰੀਬ 75 ਲੱਖ ਰੁਪਏ ਦੀ ਲਾਗਤ ਆਵੇਗੀ

ਇਸ ਮੌਕੇ ਉਨ੍ਹਾਂ ਨਾਲ ਨਗਰ ਨਿਗਮ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ

ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਵਿਧਾਇਕ ਸ਼੍ਰੀ ਬੱਗਾ ਨੇ ਦੱਸਿਆ ਕਿ ਇਨ੍ਹਾਂ ਸੜਕਾਂ ਦੀ ਹਾਲਤ ਬੇਹੱਦ ਖਸਤਾ ਸੀ, ਜਿਸ ਦੀ ਕੋਈ ਸਾਰ ਨਹੀਂ ਲਈ ਜਾ ਰਹੀ ਸੀ ਉਨ੍ਹਾਂ ਦੱਸਿਆ ਕਿ ਇਹ ਸੜਕ ਲਗਭਗ 75 ਲੱਖ ਰੁਪਏ ਦੀ ਲਾਗਤ ਨਾਲ ਬਣੇਗੀ ਜਿਸ ਨਾਲ ਵਪਾਰੀ ਵਰਗ ਨੂੰ ਬੇਹੱਦ ਰਾਹਤ ਮਿਲੇਗੀ ਅਤੇ ਆਉਣ ਜਾਣ ਵਾਲੇ ਲੋਕਾਂ ਦੀ ਸਹੂਲਤ ਲਈ ਵੀ ਰਾਹ ਸੌਖਾ ਹੋਵੇਗਾ

ਉਨ੍ਹਾਂ ਦੱਸਿਆ ਕਿ ਵਿਧਾਇਕ ਜਨਤਾ ਦਰਬਾਰ ਮੁਹਿੰਮ ਤਹਿਤ ਸ਼ਹਿਰ ਦੀਆਂ ਸਭ ਸੜਕਾਂ ਅਤੇ ਗਲੀਆਂ-ਨਾਲੀਆਂ ਨੂੰ ਪੱਕਾ ਕੀਤਾ ਜਾਵੇਗਾ ਅਤੇ ਲੋਕਾਂ ਨੂੰ ਜਿਹੜੀਆਂ ਵੀ ਮੁਸ਼ਕਿਲਾਂ ਆਉਣਗੀਆਂ ਉਹ ਲੋਕਾਂ ਵਿੱਚ ਰਹਿ ਕੇ ਲੋਕਾਂ ਨਾਲ ਖੜ੍ਹ ਕੇ ਹੱਲ ਕੀਤੀਆਂ ਜਾਣਗੀਆਂ ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਲੋਕਾਂ ਦੀ ਆਪਣੀ ਸਰਕਾਰ ਹੈ ਅਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਪਹਿਲ ਦੇ ਆਧਾਰ @ਤੇ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ॥

ਇਸ ਮੌਕੇ ਹੋਰਨਾਂ ਤੋਂ ਇਲਾਵਾ ਜੱਗੂ ਚੋਪੜਾ, ਅਨਿਲ ਸ਼ਰਮਾ, ਅਸ਼ੋਕ ਠਾਕੁਰ, ਜਸਬੀਰ ਸਿੰਘ, ਅਮਨ ਬੱਗਾ, ਰਿੰਕੂ ਭੱਲਾ, ਆਸ਼ੂ ਵਰਮਾ, ਅਸ਼ੋਕ ਵਰਮਾਨੀ, ਧੰਜਲ ਜੀ, ਮੁਨੀਸ਼ ਦੱਤ, ਸੁਰਿੰਦਰ ਰਾਣਾ, ਦਿਨੇਸ਼ ਸ਼ਰਮਾ, ਪਰਮਜੀਤ ਪੰਮਾ, ਰਾਜੂ ਕਪੂਰ, ਸ਼ਾਮ ਚਿੱਤਕਾਰਾ, ਸੰਜੀਵ ਮੈਹਿਮੀ, ਜਸਵਿੰਦਰ ਸਿੰਘ ਸ਼ੰਮੀ, ਭਾਰਤ ਭੂਸ਼ਨ, ਮੋਨੂ ਚਿਤਕਾਰਾ, ਵਿੱਕੀ ਅਰੋੜਾ, ਰਮੇਸ਼ ਬੱਠਲਾ, ਰਜਿੰਦਰ ਠਾਕੁਰ ਅਤੇ ਦਰਸ਼ਨ ਸਿੰਘ ਵੀ ਮੌਜੂਦ ਸਨ।

# ਭਗਵਾਨ ਵਾਲਮੀਕ ਪ੍ਰੀ ਅਪਮਾਨਜਨਕ ਟਿੱਪਣੀ ਕਰਨ ਵਿਰੁੱਧ ਫ਼ਿਲਮੀ ਕਲਾਕਾਰ ਦਾ ਭਾਵਾਧਸ ਵੱਲੋਂ ਪੁਤਲਾ ਫੂਕਿਆ



**ਰਾਏਕੋਟ/ਗੁਰਭਿੰਦਰ ਗੁਰੀ**

ਪੰਜਾਬੀ ਫ਼ਿਲਮੀ ਕਲਾਕਾਰ ਰਾਣਾ ਜੰਗ ਬਹਾਦਰ ਵੱਲੋਂ ਭਗਵਾਨ ਸੀ? ਵਾਲਮੀਕ ਮਹਾਰਾਜ ਪ੍ਰੀ ਵਰਤੀ ਮਾੜੀ ਸਬਦਵਾਲੀ ਵਿਰੁੱਧ ਭਾਰਤੀਯਾ ਵਾਲਮੀਕਿ ਧਰਮ (ਭਾਵਾਧਸ) ਰਾਏਕੋਟ ਵਲੋਂ ਤਹਿਸੀਲ ਪ?ਧਾਨ ਦਵਿੰਦਰ ਸਿੰਘ ਬੌਬੀ ਗਿੱਲ ਅਤੇ ਸ਼ਹਿਰੀ ਪ?ਧਾਨ ਮਿੰਟੂ ਨਾਹਰ ਦੀ ਅਗਵਾਈ ਚ ਤਲਵੰਡੀ ਗੇਟ ਦੇ ਅੱਗੇ ਰੋਸ ਪ੍ਰਦਰਸ਼ਨ ਕਰਨ ਉਪਰੰਤ ਰਾਣਾ ਜੰਗ ਬਹਾਦਰ ਦਾ ਪੁਤਲਾ ਫੂਕਿਆ ਗਿਆ ਇਸ ਮੌਕੇ ਪ?ਧਾਨ ਦਵਿੰਦਰ ਸਿੰਘ ਬੌਬੀ ਗਿੱਲ ਨੇ ਕਿਹਾ ਕਿ ਫ਼ਿਲਮੀ ਅਦਾਕਾਰ ਰਾਣਾ ਜੰਗ ਬਹਾਦਰ ਵਲੋਂ ਇਕ ਟੀਵੀ ਚੈਨਲ @ਤੇ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਪ੍ਰਤੀ ਬਹੁਤ ਹੀ ਅਪਮਾਨਜਨਕ ਤੇ ਮਨਘੜ੍ਹਤ ਟਿੱਪਣੀ ਕੀਤੀ ਗਈ ਹੈ ਜਿਸ ਕਾਰਨ ਦੇਸ਼ਾਂ-ਵਿਦੇਸ਼ਾਂ ਅੰਦਰ ਵਸਦੇ ਸਮੂਹ ਵਾਲਮੀਕਿ ਭਾਈਚਾਰੇ ਦੇ ਮਨਾਂ ਨੂੰ ਭਾਰੀ ਠੇਸ ਲੱਗੀ ਹੈ ਤੇ ਸਮਾਜ ਅੰਦਰ ਰੋਸ ਤੇ ਗੁੱਸੇ ਦੀ ਲਹਿਰ ਫੈਲ ਚੁੱਕੀ ਹੈ ਪ੍ਰਧਾਨ ਬੋਬੀ ਨੇ ਕਿਹਾ ਕਿ ਜੰਗ ਬਹਾਦਰ ਵੱਲੋਂ ਭਗਵਾਨ ਵਾਲਮੀਕਿ ਜੀ ਦੇ ਪਿਛੋਕੜ ਜਾਂ ਇਤਿਹਾਸ ਬਾਰੇ ਜੋ ਘਟੀਆ ਟਿੱਪਣੀ ਕੀਤੀ ਗਈ ਹੈ ਉਹ ਪੂਰੀ ਤਰ੍ਹਾਂ ਨਾਲ ਝੂਠ ਤੇ ਮਨਘੜ੍ਹਤ ਹੈ ਕਿਉਂਕਿ ਦੁਨੀਆਂ ਭਰ ਦੇ ਕਿਸੇ ਵੀ ਧਾਰਮਿਕ ਗ੍ਰੰਥ ਅੰਦਰ ਭਗਵਾਨ ਵਾਲਮੀਕਿ ਜੀ ਮਹਾਰਾਜ ਜੀ ਦਾ ਅਜਿਹਾ ਕੋਈ ਵੀ ਪਿਛੋਕੜ ਜਾਂ ਇਤਿਹਾਸ ਨਹੀਂ ਦੱਸਿਆ ਗਿਆ ਹੈ ਉਨ੍ਹਾਂ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਘਟੀਆ ਮਾਨਸਿਕਤਾ ਵਾਲੇ ਘਟੀਆ ਕਲਾਕਾਰ @ਤੇ ਬਣਦੀ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਇਸ ਮੌਕੇ ਧਰਮਿੰਦਰ ਅਛੂਤ, ਦੀਪੂ ਨਾਹਰ, ਰਾਜਾ ਗਿੱਲ, ਲਲਿਤ ਘਾਰੂ, ਰਵੀ ਭੰਗਾਣੀ, ਬਬਲਦੀਪ, ਧਰਮਵੀਰ ਨਾਹਰ, ਮੱਖਣ ਨਾਹਰ, ਬਾਲ ਕ੍ਰਿਸ਼ਨ, ਸਾਹਿਲ ਸਹੋਤਾ, ਰਜਿੰਦਰ ਨਾਹਰ, ਅੰਕੁਸ਼ ਆਦਿ ਵੱਡੀ ਗਿਣਤੀ ਵਿੱਚ ਵਾਲਮੀਕਿ ਭਾਈਚਾਰਾ ਹਾਜਰ ਸੀ।

## ਹਰਮਨ ਸਿੰਘ ਉਰਫ ਕਾਲੂ ਦੀ ਮੌਤ ਸ਼ੱਕ ਦੇ ਘੇਰੇ ਵਿੱਚ.!

# ਪਰਿਵਾਰ ਦੇ ਬਿਆਨਾਂ ਮੁਤਾਬਕ 174 ਦੀ ਕਾਰਵਾਈ ਕੀਤੀ ਪਰ ਫੇਰ ਵੀ ਮੇਰੇ ਵੱਲੋਂ ਜਾਂਚ ਜਾਰੀ : ਐੱਸ.ਐੱਚ.ਓ ਸ਼ੇਰਪੁਰ



**ਸ਼ੇਰਪੁਰ/ਯਾਦਵਿੰਦਰ ਸਿੰਘ ਮਾਹੀ**

ਪਿਛਲੇ ਦਿਨੀਂ ਖੇੜੀ ਰੋਡ ਨੇੜ? ਬੰਬੇ ਸਟੂਡੀਓ ਮਿਲੀ ਨੌਜਵਾਨ ਦੀ ਲਾਸ਼ ਹੁਣ ਕਿਸੇ ਵੇਲੇ ਵੀ ਨਵਾਂ ਮੋੜ ਲੈ ਸਕਦੀ ਹੈ ਕਿਉਂਕਿ ਭਰੋਸਾ ਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਕੁਝ ਦਿਨ ਪਹਿਲਾਂ ਹਰਮਨ ਸਿੰਘ ਉਰਫ ਕਾਲੂ 24 ਸਾਲ ਦੀ ਕਿਸੇ ਗੱਲ ਨੂੰ ਲੈ ਕੇ ਸ਼ੇਰਪੁਰ ਦੇ ਇਕ ਵਸਨੀਕ ਨਾਲ ਲੜਾਈ ਝਗੜਾ ਹੋ ਗਿਆ ਸੀ ਇਸ ਗੱਲ ਨੂੰ ਲੈ ਕੇ ਉਨ੍ਹਾਂ ਵਿੱਚ ਹਰ ਰੋਜ਼ ਤੂੰ ਤੂੰ ਮੈਂ ਮੈਂ ਹੁੰਦੀ ਰਹਿੰਦੀ ਸੀ ਇੱਥੋਂ ਤਕ ਸੂਤਰਾਂ ਦੀ ਜਾਣਕਾਰੀ ਅਨੁਸਾਰ ਉਸ ਵਿਅਕਤੀ ਨੇ ਹਰਮਨ ਸਿੰਘ ਕਾਲੂ ਨੂੰ ਕਈ ਵਾਰ ਮਾਰਨ ਦੀ ਧਮਕੀ ਵੀ ਦਿੱਤੀ ਗਈ ਸੀ, ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਰੱਖ ਕੇ ਦੇਖਿਆ ਜਾਵੇ ਤਾਂ ਕੁਝ ਵੀ ਹੋ ਸਕਦਾ ਹੈ ਇਹ ਗੱਲ ਖੇੜੀ ਤੇ ਸ਼ੇਰਪੁਰ ਦੇ ਲੋਕਾਂ ਵਿਚ ਆਮ ਚਰਚਾ ਬਣੀ ਹੋਈ ਹੈ ਕਿ ਜੋ ਵਿਅਕਤੀ ਕਾਲੂ ਨੂੰ ਗਾਲੀ ਗਲੋਚ ਮਾਰ ਕੁੱਟ ਕਰਦੇ ਸਨ,ਕਿਤੇ ਇਹ ਕਾਰਨਾਮਾ ਉਨ੍ਹਾਂ ਵਲੋਂ ਤਾਂ ਨਹੀਂ ਕੀਤਾ ਗਿਆ ?ਹਾਂ ਜੇਕਰ ਸ਼ੇਰਪੁਰ ਪੁਲਿਸ ਇਸ ਮਾਮਲੇ ਦੀ ਬਰੀਕੀ ਨਾਲ ਜਾਂਚ ਕਰੇ ਤਾਂ ਪਰਿਵਾਰ ਨੂੰ ਜ਼ਰੂਰ ਇਨਸਾਫ ਮਿਲ ਸਕਦਾ ਹੈ ਇੱਥੇ ਇਹ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਹਰਮਨ ਸਿੰਘ ਕਾਲੂ ਦੇ ਭਰਾ ਸੁਖਵਿੰਦਰ ਸਿੰਘ ਉਰਫ ਰਵੀ ਦੇ ਬਿਆਨਾਂ ਮੁਤਾਬਕ ਸ਼ੇਰਪੁਰ ਪੁਲਿਸ ਵੱਲੋਂ 174 ਦੀ ਕਾਰਵਾਈ ਕੀਤੀ ਗਈ ਹੈ ਪਰ ਸੁਖਵਿੰਦਰ ਸਿੰਘ ਰਵੀ ਵੱਲੋਂ ਇਹ ਵੀ ਲਿਖਿਆ ਗਿਆ ਹੈ ਕਿ ਮੇਰੇ ਭਰਾ ਦੀ ਐਕਸੀਡੈਂਟ ਨਾਲ ਮੌਤ ਨਹੀਂ ਹੋਈ ਬਲਕਿ ਉਸ ਦਾ ਕਤਲ ਕੀਤਾ ਗਿਆ ਹੈ

### ਕੀ ਕਹਿੰਦੇ ਹਨ ਥਾਣਾ ਮੁਖੀ ਸ਼ੇਰਪੁਰ:-

ਜਦੋਂ ਇਸ ਸਬੰਧੀ ਥਾਣਾ ਮੁਖੀ ਸ਼ੇਰਪੁਰ ਇੰਸਪੈਕਟਰ ਸੁਖਜਿੰਦਰ ਕੌਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਹਰਮਨ ਸਿੰਘ ਉਰਫ ਕਾਲੂ ਦੇ ਭਰਾ ਸੁਖਵਿੰਦਰ ਸਿੰਘ ਉਰਫ ਰਵੀ ਦੇ ਬਿਆਨਾਂ ਦੇ ਆਧਾਰ ਤੇ ਇੱਕ ਸੌ ਚਹੱਤਰ ਦੀ ਕਾਰਵਾਈ ਕਰਕੇ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਹੈ ਪਰ ਫਿਰ ਵੀ ਇਸ ਕੇਸ ਦੀ ਜਾਂਚ ਮੇਰੇ ਵੱਲੋਂ ਜਾਰੀ ਹੈ ਜੋ ਵੀ ਦੋਸ਼ੀ ਪਾਇਆ ਗਿਆ ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਉਹ ਚਾਹੇ ਕਿਸੇ ਵੀ ਪਾਰਟੀ ਨਾਲ ਸਬੰਧ ਰੱਖਦਾ ਹੋਵੇ।

# ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ 16.25 ਕਰੋੜ ਦੀ ਲਾਗਤ ਨਾਲ ਤਿਆਰ ਲਾਡੋਵਾਲ ਜੀਟੀ ਰੋਡ ਲੁਧਿਆਣਾ 220 ਕੇਵੀ ਸਬ ਸਟੇਸ਼ਨ ਤੋਂ 66 ਕੇਵੀ ਮੋਨੋਪੋਲ ਲਾਈਨ ਦਾ ਉਦਘਾਟਨ

**ਲੁਧਿਆਣਾ/ਸੁਖਚੈਨ ਮਹਿਰਾ, ਕਰਨ ਅੱਗਰਵਾਲ**:- ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਖਪਤਕਾਰਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਵਿਚ ਸੁਧਾਰ ਦਾ ਜ਼ੋਰ ਲਗਾਤਾਰ ਜਾਰੀ ਹੈ ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਏਟੀਓ ਵੱਲੋਂ ਲਾਡੋਵਾਲ ਜੀਟੀ ਰੋਡ ਲੁਧਿਆਣਾ 220 ਕੇਵੀ ਸਬ ਸਟੇਸ਼ਨ ਤੋਂ 66 ਕੇਵੀ ਮੋਨੋਪੋਲ ਲਾਈਨ ਦਾ ਉਦਘਾਟਨ ਕੀਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ, ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ਤੇ ਪੀਐਸਪੀਸੀਐਲ ਵੱਲੋਂ ਉਦਯੋਗਿਕ ਖੇਤਰਾਂ ਵਿਚ ਨਿਰੰਤਰ ਸਪਲਾਈ ਪੁਖਤਾ ਕਰਨ ਲਈ ਕੋਸ਼ਿਸ਼ਾਂ ਜਾਰੀ ਹਨ ਇਸਦੇ ਤਹਿਤ ਸੰਘਣੇ ਇਲਾਕਿਆਂ ਵਿਚ ਮੋਨੋਪੋਲ ਲਾਈਨਾਂ ਲਗਾਈਆਂ ਜਾ ਰਹੀਆਂ ਹਨ ਭਾਵੇਂ ਇਸਦੀ ਲਾਗਤ ਜ਼ਿਆਦਾ ਹੈ, ਲੇਕਿਨ ਉਦਯੋਗਾਂ ਅਤੇ ਲੋਕਾਂ ਨੂੰ ਬਿਹਤਰੀਨ ਬਿਜਲੀ ਸੇਵਾਵਾਂ ਦੇਣ ਨੂੰ ਸਰਕਾਰ ਆਪਣਾ ਫਰਜ਼ ਸਮਝਦੀ ਹੈ ਉਨ੍ਹਾਂ ਖੁਲਾਸਾ ਕੀਤਾ ਕਿ ਪੰਜਾਬ ਚ ਇਹ ਪਹਿਲੀ ਵਾਰ ਹੋਇਆ ਹੈ ਕਿ ਬਿਜਲੀ ਦੀ ਸਪਲਾਈ ਵਿੱਚ ਸੁਧਾਰ ਵਾਸਤੇ ਮੋਨੋਪੋਲ ਲਾਈਨਾਂ ਦਾ ਇਸਤੇਮਾਲ ਕੀਤਾ ਗਿਆ ਹੈ ਇਸ ਨਾਲ ਖਾਸ ਤੌਰ ਤੇ ਸ਼ਹਿਰ ਦੇ ਸੰਘਣੀ ਹਿੱਸਿਆਂ ਵਿਚ ਬਿਜਲੀ ਦੀ ਸਪਲਾਈ ਦੇਣ ਲਈ ਮੱਦਦ ਮਿਲੇਗੀ, ਜਿੱਥੇ ਪੁਰਾਣੇ ਖੰਭੇ ਜ਼ਿਆਦਾ ਜਗ੍ਹਾ ਥਾਂ ਸਨ ਉਨ੍ਹਾਂ ਨੇ ਖੁਲਾਸਾ ਕੀਤਾ ਕਿ ਜਗ੍ਹਾ ਘੱਟ ਹੋਣ ਕਾਰਨ ਪੀਐੱਸਪੀਸੀਐੱਲ ਲਈ ਸਬ ਸਟੇਸ਼ਨ ਤੋਂ 66 ਕੇਵੀ ਟਰਾਂਸਮਿਸ਼ਨ ਲਾਈਨ ਨੂੰ ਲਿਆਉਣਾ ਮੁਸ਼ਕਿਲ ਸੀ, ਜਿਸ ਕਾਰਨ ਮੋਨੋਪੋਲਜ ਰਾਹੀਂ ਲਾਈਨ ਵਿਛਾਉਣ ਦੀ ਯੋਜਨਾ ਬਣੀ ਇਸ 12 ਕਿਲੋਮੀਟਰ ਡਬਲ ਸਰਕਟ ਲਾਈਨ ਨੂੰ ਪੀਐਸਪੀਸੀਐਲ ਵੱਲੋਂ 16.25 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਉਨ੍ਹਾਂ ਦੱਸਿਆ ਕਿ 12 ਕਿਲੋਮੀਟਰ ਲਾਈਨ ਵਿੱਚੋਂ ਕਰੀਬ 6 ਕਿਲੋਮੀਟਰ ਲਾਈਨ ਮੋਨੋਪੋਲਜ ਤੇ ਹੈ ਭਵਿੱਖ ਵਿਚ ਮੋਨੋਪੋਲ ਲਾਇਨਜ਼ ਦਾ ਵਿਸਥਾਰ ਹੋਰ ਵੀ ਇਲਾਕਿਆਂ ਵਿਚ ਕੀਤਾ ਜਾਵੇਗਾ। ਇਸ ਮੌਕੇ ਬਿਜਲੀ ਮੰਤਰੀ ਵੱਲੋਂ 220 ਕੇਵੀ ਲਾਡੋਵਾਲ ਸਬ ਸਟੇਸ਼ਨ ਵਿਖੇ ਚੱਲ ਰਹੇ ਕਾਰਜਾਂ ਦਾ ਨਿਰੀਖਣ ਵੀ ਕੀਤਾ ਗਿਆ ਜਿਸ ਤੇ ਪੀਐਸਟੀਸੀਐਲ ਵੱਲੋਂ ਦੂਸਰਾ 160 $ੀ1, 220/66 ™ੀ ਪਾਵਰ ਟਰਾਂਸਫਾਰਮਰ 9.5 ਕਰੋਡ? ਰੁਪਏ ਦੀ ਲਾਗਤ ਨਾਲ ਸਥਾਪਤ ਕੀਤਾ ਜਾ ਰਿਹਾ ਹੈ, ਜਿਹੜਾ ਕੰਮ 15 ਜੁਲਾਈ, 2022 ਤੱਕ ਪੂਰਾ ਕਰ ਲਿਆ ਜਾਵੇਗਾ ਇਸ ਤਰ੍ਹਾਂ ਉਨ੍ਹਾਂ ਨੇ ਸਬ ਸਟੇਸ਼ਨ ਵਿਖੇ ਦੋ 220 ਕੇਵੀ ਟਰਾਂਸਮਿਸ਼ਨ ਸਿਸਟਮ ਤੇ ਹੌਟਲਾਈਨ ਮੇਨਟੇਨਸ ਤਕਨੀਕਾਂ ਦਾ ਵੀ ਨਿਰੀਖਣ ਕੀਤਾ।

# ਗੋਲਡੀ ਦੇ ਸ਼ੇਰਪੁਰ ਵਿਖੇ ਚੋਣ ਦ.ਫਤਰ ਦਾ ਉਦਘਾਟਨ ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੇ ਅੱਜ ਕੀਤਾ



## ਮਾਨ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਕਾਰਨ ਸੂਬੇ ਅੰਦਰ ਨਿੱਤ ਦਿਨ ਲੁੱਟਾਂ ਖੋਹਾਂ ਅਤੇ ਕਤਲ ਦੀਆਂ ਵਾਰਦਾਤਾਂ ਵਧੀਆਂ -ਪ੍ਰਧਾਨ ਰਾਜਾ ਵੜਿੰਗ

**ਸ਼ੇਰਪੁਰ/ਯਾਦਵਿੰਦਰ ਸਿੰਘ ਮਾਹੀ**

ਸੰਗਰੂਰ ਲੋਕ ਸਭਾ ਦੀ ਉਪ ਚੋਣ ਲੜ ਰਹੇ ਕਾਂਗਰਸੀ ਉਮੀਦਵਾਰ ਦਲਵੀਰ ਸਿੰਘ ਗੋਲਡੀ ਦੇ ਸ਼ੇਰਪੁਰ ਵਿਖੇ ਕਾਤਰੋਂ ਰੋਡ ਤੇ ਚੋਣ ਦਫ਼ਤਰ ਦਾ ਉਦਘਾਟਨ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕੀਤਾ ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ@ ਹਰਮਿੰਦਰ ਸਿੰਘ ਗਿੱਲ, ਕੁਲਬੀਰ ਸਿੰਘ ਜ਼ੀਰਾ, ਦਵਿੰਦਰ ਸਿੰਘ ਘੁਬਾਇਆ,ਰਾਜ ਸਿੰਘ ਖੇੜੀ(ਸਾਰੇ ਸਾਬਕਾ ਵਿਧਾਇਕ), ਕੈਪਟਨ ਸੰਦੀਪ ਸੰਧੂ, ਰਾਜਬੀਰ ਸਿੰਘ ਭੁੱਲਰ, ਮੇਜਰ ਸਿੰਘ ਮੁੱਲਾਂਪੁਰ,ਕਿੱਕੀ ਲਤਾਲਾ, ਗੁਰਪ੍ਰੀਤ ਸਿੰਘ ਲੱਕੀ ਪੱਖੋਂ,ਮੈਡਮ ਹਰਸਿਮਰਨ ਬਾਜਵਾ,ਮੈਡਮ ਰਜਿੰਦਰ ਕੌਰ ਬੱਲੂਆਣਾ, ਕੁਲਵੰਤ ਸਿੰਘ ਟਿੱਬਾ, ਬੰਨੀ ਖਹਿਰਾ ਆਪ ਆਗੂਆਂ ਨੇ ਕਾਂਗਰਸੀ ਵਰਕਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਾਂਗਰਸੀ ਉਮੀਦਵਾਰ ਦਲਵੀਰ ਸਿੰਘ ਗੋਲਡੀ ਨੂੰ ਜਿਤਾਉਣ ਲਈ ਅਪੀਲ ਕੀਤੀ ਵਰਕਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਭਾਜਪਾ ਨੂੰ ਉਪ ਚੋਣ ਲੜਾਉਣ ਲਈ ਆਪਣੀ ਪਾਰਟੀ ਦਾ ਕੋਈ ਆਗੂ ਚੋਣ ਲੜਾਉਣ ਲਈ ਨਹੀਂ ਮਿਲਿਆ, ਜਿਸ ਕਰਕੇ ਕੇਵਲ ਸਿੰਘ ਢਿੱਲੋਂ ਨੂੰ ਆਪਣਾ ਉਮੀਦਵਾਰ ਬਣਾਉਣਾ ਪਿਆ ਉਨ੍ਹਾਂ ਅਕਾਲੀ ਦਲ ਦੇ ਉਮੀਦਵਾਰ ਬਾਰੇ ਬੋਲਦਿਆਂ ਕਿਹਾ ਕਿ ਮਾੜੇ ਸਮੇਂ ਵਿੱਚ ਕਿਸੇ ਹੋਰ ਨੂੰ ਉਮੀਦਵਾਰ ਬਣਾ ਦਿੰਦੇ ਹਨ ਜਦਕਿ ਜਦੋਂ ਚੰਗਾ ਸਮਾਂ ਹੁੰਦਾ ਹੈ ਉਦੋਂ ਹਰਸਿਮਰਤ ਕੌਰ ਬਾਦਲ ਖੁਦ ਚੋਣ ਲੜ ਰਹੇ ਹਨ ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪ ਪਾਰਟੀ ਦੀ ਸਰਕਾਰ ਦੀ ਤਿੰਨ ਮਹੀਨਿਆਂ ਦੀ ਕਾਰਗੁਜ਼ਾਰੀ ਦੇਖ ਕੇ ਵੋਟਾਂ ਪਾਉਣ ਕਿਉਂਕਿ ਮੁੱਖਮੰਤਰੀ ਭਗਵੰਤ ਮਾਨ ਦੀ ਮਾੜੀ ਕਾਰਗੁਜ਼ਾਰੀ ਕਾਰਨ ਸੂਬੇ ਅੰਦਰ ਨਿੱਤ ਦਿਨ ਲੁੱਟਾਂ ਖੋਹਾਂ ਅਤੇ ਕਤਲ ਦੀਆਂ ਵਾਰਦਾਤਾਂ ਵਧ ਰਹੀਆਂ ਹਨ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਰਥਿਕ ਸਮਾਜਿਕ ਅਤੇ ਰਾਜਨੀਤਕ ਤੌਰ ਤੇ ਕੋਈ ਬਦਲਾਅ ਨਹੀਂ ਆਇਆ ਪਰ ਇਕ ਬਦਲਾਅ ਇਹ ਆਇਆ ਹੈ ਕਿ ਆਮ ਆਦਮੀ ਪਾਰਟੀ ਦੇ ਆਮ ਆਗੂ ਹੁਣ ਖ਼ਾਸ ਹੋ ਗਏ ਹਨ ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਦੇ ਲੋਕ ਖ਼ੌਫ਼ ਵਿੱਚ ਜ਼ਿੰਦਗੀ ਜਿਊਣ ਲਈ ਮਜਬੂਰ ਹਨ ਪ੍ਰਸਿੱਧ ਗਾਇਕ ਸਿੱਧੂ ਮੂਸੇ ਵਾਲੇ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਕਾਂਗਰਸੀ ਆਗੂਆਂ ਨੇ ਦੋ ਮਿੰਟ ਦਾ ਮੌਨ ਧਾਰਿਆ ਕਿਸਾਨ ਮੋਰਚੇ ਵੱਲੋਂ ਵਿਧਾਨ ਸਭਾ ਚੋਣਾਂ ਲੜਨ ਵਾਲੇ ਨੌਜਵਾਨ ਆਗੂ ਐਡਵੋਕੇਟ ਜਸਬੀਰ ਸਿੰਘ ਖੇੜੀ ਨੇ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਇਸ ਮੌਕੇ ਵਿਸ਼ੇਸ਼ ਤੌਰ ਤੇ ਨੌਜਵਾਨ ਕਾਂਗਰਸੀ ਆਗੂ ਕੁਲਵੰਤ ਸਿੰਘ ਟਿੱਬਾ, ਬੰਨੀ ਖੈਰਾ, ਰਘਵੀਰ ਸਿੰਘ ਸਿੱਧੂ, ਕ੍ਰਿਸ਼ਨ ਕੁਮਾਰ ਨੀਟਾ ਸਿੰਗਲਾ, ਡਾ ਗੁਰਦੇਵ ਸਿੰਘ ਬੜੀ, ਜਸਮੇਲ ਸਿੰਘ ਬਡ?ੀ,ਰਾਮਦਾਸ ਬਿੱਟੂ, ਪਰਗਟ ਪ੍ਰੀਤ, ਸੰਜੇ ਸਿੰਗਲਾ,ਮਲਕੀਅਤ ਸਿੰਘ ਖੇੜੀ, ਬਹਾਦਰ ਸਿੰਘ ਥਾਣੇਦਾਰ@, ਚਮਕੌਰ ਸਿੰਘ ਭੋਲਾ ਟਿੱਬਾ, ਸਰਪੰਚ ਰਣਜੀਤ ਸਿੰਘ ਸ਼ੇਰਪੁਰ, ਸੁਰਜੀਤ ਸਿੰਘ ਫੌਜੀ ਟਿੱਬਾ,ਐਡਵੋਕੇਟ ਬਲਦੇਵ ਸਿੰਘ ਪੇਧਨੀ, ਗੁਰਮੇਲ ਸਿੰਘ ਮੌੜ,ਕੁਲਵਿੰਦਰ ਕੌਰ ਹੇੜੀਕੇ, ਐਡਵੋਕੇਟ ਜਸਬੀਰ ਸਿੰਘ ਖੇੜੀ ,ਇੰਦਰਜੀਤ ਬੜੀ, ਬਲਜੀਤ ਕੌਰ ਗੁਰਬਖਸ਼ਪੁਰਾ, ਗੁਰਜੀਤ ਸਿੰਘ ਬੜੀ, ਕਾਕਾ ਰੂੜਗੜ, ਹਾਕਮ ਸਿੰਘ ਗੰਡੇਵਾਲ,ਲੀਲਾ ਸਿੰਘ ਗੰਡੇਵਾਲ, ਅਮਰਜੀਤ ਸਿੰਘ ਸਾਬਕਾ ਸਰਪੰਚ ਹੇਡ?ੀਕੇ ਪਰਮਜੀਤ ਕੌਰ ਬੜੀ, ਸੁਖਵਿੰਦਰ ਸਿੰਘ ਖੇੜੀ, ਮਾਸਟਰ ਗੁਰਨਾਮ ਸਿੰਘ, ਹਰਨੇਕ ਸਿੰਘ ਸ਼ੇਰਪੁਰੀ,ਪਿਆਰਾ ਸਿੰਘ ਬਧੇਸਾ,ਮੋਨੂ ਬਾਜਵਾ, ਮਨਜੀਤ ਸਿੰਘ ਭੱਠਲ,ਜਗਰੂਪ ਸਿੰਘ ਮਾਹਮਦਪੁਰ,ਸਾਧੂ ਰਾਮ, ਚਮਕੌਰ ਸਿੰਘ ਸ਼ੇਰਪੁਰ,ਨਰਿੰਦਰ ਸਿੰਘ ਬਧੇਸਾ, ਦਰਸ਼ਨ ਸਿੰਘ ਬਧੇਸਾ, ਹੈਪੀ ਸਿੰਘ ਘਨੌਰੀ ਕਲਾਂ,ਤੇਜਾ ਸਿੰਘ ਨਾਮਧਾਰੀ,ਹਰਸ਼ਰਨ ਸਿੰਘ ਸੋਹਲ, ਭੁਪਿੰਦਰ ਸਿੰਘ ਖੰਡੂਰ ਸਾਹਿਬ, ਨਾਰਾਇਣ ਸਿੰਘ ਬਾਜਵਾ, ਬਹਾਦਰ ਸਿੰਘ ਸ਼ੇਰਪੁਰ, ਵੈਦ ਕੇਸੋ ਰਾਮ ਆਦਿ ਆਗੂ ਵੀ ਹਾਜ਼ਰ ਸਨ।

# ਆਈ.ਟੀ.ਆਈ. ਮੇਹਰਚੰਦ 'ਚ ਲਗਾਏ ਅਪ੍ਰੈਂਟਿਸਸ਼ਿਪ ਮੇਲੇ 'ਚ 305 ਸਿਖਿਆਰਥੀਆਂ ਨੇ ਪੋਰਟਲ 'ਤੇ ਕਰਵਾਈ ਰਜਿਸਟ੍ਰੇਸ਼ਨ




**ਜਲੰਧਰ/ਸੰਜੇ ਰਾਜਪੂਤ**

ਆਈ.ਟੀ.ਆਈ. ਮੇਹਰਚੰਦ ਵਿਖੇ ਅੱਜ ਅਪ੍ਰੈਂਟਿਸਸ਼ਿਪ ਮੇਲਾ ਲਗਾਇਆ ਗਿਆ, ਜਿਸ ਵਿੱਚ ਜ਼ਿਲ੍ਹਾ ਜਲੰਧਰ ਅਧੀਨ ਚੱਲ ਰਹੀਆਂ ਸਮੂਹ ਆਈ.ਟੀ.ਆਈਜ਼ ਵਿਖੇ ਵੱਖ-ਵੱਖ ਕੋਰਸਾਂ ਵਿੱਚ ਟ੍ਰੇਨਿੰਗ ਲੈ ਰਹੇ ਸਿਖਿਆਰਥੀਆਂ ਨੇ ਭਾਗ ਲਿਆ ਅਤੇ ਅਪ੍ਰੈਂਟਿਸਸ਼ਿਪ ਪੋਰਟਲ 'ਤੇ ਆਪਣੀ ਰਜਿਸਟ੍ਰੇਸ਼ਨ ਕਰਵਾਈ

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਿੰਦਰਪਾਲ ਸਿੰਘ ਬਾਜਵਾ ਨੇ ਦੱਸਿਆ ਕਿ ਇਸ ਮੇਲੇ ਵਿੱਚ ਜਿਥੇ 6 ਉਦਯੋਗਿਕ ਇਕਾਈਆਂ ਵੱਲੋਂ ਸ਼ਿਰਕਤ ਕੀਤੀ ਗਈ ਉਥੇ 305 ਸਿਖਿਆਰਥੀਆਂ ਨੇ ਭਾਗ ਲੈਂਦਿਆਂ ਅਪ੍ਰੈਂਟਿਸਸ਼ਿਪ ਪੋਰਟਲ 'ਤੇ ਆਪਣੀ ਰਜਿਸਟ੍ਰੇਸ਼ਨ ਕਰਵਾਈ

ਵਧੀਕ ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਅਪ੍ਰੈਂਟਿਸਸ਼ਿਪ ਮੇਲਾ ਹਰ ਮਹੀਨੇ ਦੇ ਦੂਜੇ ਸੋਮਵਾਰ ਨੂੰ ਲਗਾਇਆ ਜਾਵੇਗਾ ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਜਲੰਧਰ ਦਾ ਕੋਈ ਵੀ ਆਈ.ਟੀ.ਆਈ./ਡਿਪਲੋਮਾ ਹੋਲਡਰ ਉਮੀਦਵਾਰ ਆਪਣੇ ਆਪ ਨੂੰ ਅਪ੍ਰੈਂਟਿਸਸ਼ਿਪ ਪੋਰਟਲ https://www.apprenticeshipindia.gov.in/ 'ਤੇ ਰਜਿਸਟਰ ਕਰ ਸਕਦਾ ਹੈ ਅਤੇ ਆਉਣ ਵਾਲੇ ਮੇਲੇ ਵਿੱਚ ਭਾਗ ਲੈ ਸਕਦਾ ਹੈ

ਇਸ ਮੌਕੇ ਨੈਸ਼ਨਲ ਸਕਿੱਲ ਟ੍ਰੇਨਿੰਗ ਇੰਸਟੀਟਿਊਟ ਲੁਧਿਆਣਾ ਤੋਂ ਟ੍ਰੇਨਿੰਗ ਅਫ਼ਸਰ ਸ਼ਿਵ ਜੋਸ਼ੀ, ਆਈ.ਟੀ.ਆਈ ਮੇਹਰਚੰਦ ਦੇ ਪ੍ਰਿੰਸੀਪਲ ਤਰਲੋਚਨ ਸਿੰਘ, ਆਈ.ਟੀ.ਆਈ.(ਲੜਕੀਆਂ) ਦੇ ਪ੍ਰਿੰਸੀਪਲ ਰੁਪਿੰਦਰ ਕੌਰ, ਆਈ.ਟੀ.ਆਈ.(ਲੜਕੀਆਂ), ਕਰਤਾਰਪੁਰ ਦੇ ਪ੍ਰਿੰਸੀਪਲ ਜਸਮਿੰਦਰ ਸਿੰਘ, ਆਈ.ਟੀ.ਆਈ. ਮੇਹਰ ਚੰਦ ਤੋਂ ਵਿਕਰਮਜੀਤ, ਪੀ.ਐਸ.ਡੀ.ਐਮ. ਦੇ ਜ਼ਿਲ੍ਹਾ ਮੈਨੇਜਰ ਸੂਰਜ ਕਲੇਰ, ਐਮ.ਜੀ.ਐਨ.ਐਫ.,ਜਲੰਧਰ ਵਰਿੰਦਰ ਯਾਦਵ, ਸਬ-ਰੀਜਨਲ ਰੋਜ਼ਗਾਰ ਦਫਤਰ ਜਲੰਧਰ ਤੋਂ ਗੁਰਦਿਆਲ ਚੰਦ ਮੌਜੂਦ ਸਨ।

# ਸਿਮਰਨ ਬਿਊਟੀ ਪਾਰਲਰ ਵੱਲੋਂ ਲਗਾਈ ਠੰਢੇ ਮਿੱਠੇ ਜਲ ਦੀ ਛਬੀਲ



**ਰਾਏਕੋਟ/ਗੁਰਭਿੰਦਰ ਗੁਰੀ**

ਸ਼ਹੀਦਾਂ ਦੇ ਸਰਤਾਜ ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਿਮਰਨ ਬਿਊਟੀ ਪਾਰਲਰ ਵੱਲੋਂ ਮੈਡਮ ਜਸਵੀਰ ਕੌਰ ਦੀ ਅਗਵਾਈ ਚ ਨਗਰ ਕੌਂਸਲ ਦਫਤਰ ਰਾਏਕੋਟ ਨਜ਼ਦੀਕ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ ਇਸ ਮੌਕੇ ਹਰਮਿੰਦਰ ਕੌਰ, ਕਿਰਨਦੀਪ ਕੌਰ ਜਲਵਾਣਾ, ਹਰਮਨ ਕੌਰ ਬੱਸੀਆਂ, ਏਕਨੂਰ ਕੌਰ, ਕਰਮਜੀਤ ਕੌਰ,ਪਵਨਦੀਪ ਕੌਰ, ਸੋਨੀ, ਗੁਲਾਬ ਸਿੰਘ, ਨਿਹਾਲ ਸਿੰਘ, ਸੁਰਜੀਤ ਸਿੰਘ, ਜੀਤ ਸਿੰਘ ਆਦਿ ਸੇਵਾਦਾਰਾਂ ਨੇ ਛਬੀਲ ਤੇ ਸੇਵਾ ਕੀਤੀ।

# ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਵਾਤਾਵਰਣ ਨੂੰ ਸਵੱਛ ਬਨਾਉਣ ਲਈ ਲਗਾਏ ਬੂਟੇ

## ਥਾਣਾ ਮੁਖੀ ਜਤਿੰਦਰ ਸਿੰਘ ਅਤੇ ਪਾਰਟੀ ਵਰਕਰਾਂ ਨੇ ਸ਼ਹਿਰ ਬਾਘਾ ਪੁਰਾਣਾ 'ਚ ਪੌਦੇ ਲਗਾਉਣ ਦੀ ਕੀਤੀ ਸ਼ੁਰੂਆਤ

**ਮੋਗਾ/ਦਵਿੰਦਰ ਸਿੰਘ ਬਿੱਟੂ**

ਪ੍ਰਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਬਚਾਉਣ ਲਈ ਅੱਜ ਹਲਕਾ ਬਾਘਾ ਪੁਰਾਣਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਆਪਣਾ ਯੋਗਦਾਨ ਪਾਉਂਦਿਆਂ ਹਲਕਾ ਬਾਘਾ ਪੁਰਾਣਾ ਨੂੰ ਸਵੱਛ ਬਨਾਉਣ ਲਈ ਆਪਣੀ ਟੀਮ ਨੂੰ ਲੈ ਕੇ ਪੌਦੇ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ ਪਹਿਲੇ ਦਿਨ ਪੌਦੇ ਲਗਾਉਣ ਦੀ ਸ਼ੁਰੂਆਤ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਸ਼ਹਿਰ ਬਾਘਾ ਪੁਰਾਣਾ ਤੋਂ ਕੀਤੀ ਜਿਸ ਵਿਚ ਉਨ੍ਹਾਂ ਦਾ ਪਹਿਲੇ ਦਿਨ ਸਹਿਯੋਗ ਥਾਣਾ ਬਾਘਾ ਪੁਰਾਣਾ ਦੇ ਮੁਖੀ ਸਬ ਇੰਸਪੈਕਟਰ ਜਤਿੰਦਰ ਸਿੰਘ ਨੇ ਦਿੰਦਿਆਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਦਿਨੋਂ ਦਿਨ ਪ੍ਰਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਬਚਾਉਣਾ ਸਾਡਾ ਸਾਰਿਆਂ ਦਾ ਫਰਜ਼ ਹੈ ਉਨ੍ਹਾਂ ਕਿਹਾ ਕਿ ਇਸ ਹਰ ਇਕ ਸ਼ਹਿਰ ਵਾਸੀ ਦਾ ਫਰਜ਼ ਬਣਦਾ ਹੈ ਕਿ ਉਹ ਇਕ-ਇਕ ਪੌਦਾ ਲਾ ਕੇ ਉਨ੍ਹਾਂ ਦੀ ਸਾਂਭ ਸੰਭਾਲ ਕਰੇਂ ਤਾਂ ਹੀ ਅਸੀਂ ਵਾਤਾਵਰਣ ਨੂੰ ਸਵੱਛ ਬਣਾ ਸਕਦੇ ਹਾਂ ਇਸ ਮੌਕੇ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਸਮੂਹ ਵਲੰਟੀਅਰਾਂ ਅਤੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸ਼ਹਿਰ ਬਾਘਾ ਪੁਰਾਣਾ ਨੂੰ ਸੁੰਦਰ ਬਣਾਉਣ ਲਈ ਨਗਰ ਕੌਂਸਲ ਦਾ ਸਹਿਯੋਗ ਜ਼ਰੂਰ ਕਰਨ ਉਨ੍ਹਾਂ ਇਹ ਵੀ ਕਿਹਾ ਕਿ ਅਸੀਂ ਜਿੱਥੇ ਖੁਸ਼ੀ ਦੇ ਮੌਕਿਆਂ 'ਤੇ ਇੰਨ੍ਹਾਂ ਜ਼ਿਆਦਾ ਖਰਚੇ ਕਰਦੇ ਹਾਂ ਉਥੇ ਸਾਨੂੰ ਪੌਦੇ ਵੀ ਲਗਾਉਣੇ ਚਾਹੀਦੇ ਹਨ ਉਨ੍ਹਾਂ ਕਿਹਾ ਕਿ ਜੇਕਰ ਅਸੀਂ ਅੱਜ ਨਾ ਸੰਭਲੇ ਤਾਂ ਆਉਣ ਵਾਲੀ ਪੀੜੀ ਕਦੇ ਸਾਨੂੰ ਮੁਆਫ਼ ਨਹੀਂ ਕਰੇਗੀ ਇਸ ਲਈ ਉਨ੍ਹਾਂ ਦੇ ਹਲਕੇ ਦੇ ਹਰ ਘਰ ਦੇ ਮੈਂਬਰ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰ ਇਕ ਇਕ ਦਰੱਖਤ ਜ਼ਰੂਰ ਲਗਾਉਣ ਉਨ੍ਹਾਂਕਿਹਾ ਕਿ ਜੇਕਰ ਇਕ ਨਾਗਰਿਕ ਇਕ ਦਰੱਖਤ ਲਗਾਵੇਗਾ ਤਾਂ ਅਸੀਂ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਅ ਸਕੇਗਾ।

ਇਸ ਮੌਕੇ ਉਹਨਾਂ ਨਾਲ ਆਮ ਆਦਮੀ ਪਾਰਟੀ ਦੇ ਗੁਰਪ੍ਰੀਤ ਮਨਚੰਦਾ, ਹਰਪ੍ਰੀਤ ਰਿੰਟੂ, ਸੋਨੀ, ਅਮਨ ਰਖਰਾ, ਦੀਪਕ ਸਮਾਲਸਰ, ਲਖਵੀਰ ਖੋਖਰ, ਗੁਰਪ੍ਰੀਤ ਸਿੰਘ ਅਤੇ ਹੋਰ ਆਗੂ ਮਜ਼ੂਦ ਸਨ।

# ਟੀਐੈਚ ਪ੍ਰੋਡਕਸ਼ਨ ਵਲੋਂ ਜੇਤੂ ਔਰਤਾਂ ਦਾ 'ਕਰਾਊਨ ਸੈਰਾਮਣੀ' ਸਮਾਰੋਹ ਕਰਵਾਇਆ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਰਾਜਾ ਕੋਟਲੀ ਅੰਮ੍ਰਿਤਸਰ ਹੁਸੈਨਪੁਰਾ ਚੌਂਕ ਸਥਿਤ ਟੈਲੈਂਟ ਹੱਬ ਡਾਂਸ ਅਕੈਡਮੀ ਵਿਖੇ ਟੀਐੈਚ ਪ੍ਰੋਡਕਸ਼ਨ ਵਲੋਂ ਕਰਵਾਏ 'ਮਿਸਟਰ, ਮਿਸ-ਮਿਸਜ਼ ਨਾਰਥ ਇੰਡੀਆ ਐਂਡ ਕਿਡਜ਼-2022' ਸ਼ੋਅ ਦੇ ਜੇਤੂ ਰਹੀਆਂ ਔਰਤਾਂ ਦਾ 'ਕਰਾਊਨ ਸੈਰਾਮਣੀ' ਸਮਾਰੋਹ ਕਰਵਾਇਆ ਗਿਆ ਇਸ ਸਮਾਰੋਹ ਵਿਚ ਅਤੇ ਆਲ ਇੰਡੀਆ ਕਾਂਗਰਸ ਕੋ-ਆਰਡੀਨੇਟ ਤੇ ਸਮਾਜ ਸੇਵਿਕਾ ਸੁਰਭੀ ਵਰਮਾ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ, ਜਦ ਕਿ ਉਨ੍ਹਾਂ ਨਾਲ ਸੁਲੇਖਾ ਮਹਿਰਾ, ਡਾਂਸ ਕੋਰਿਓਗ੍ਰਾਫਰ ਮੈਡਮ ਗੀਤਾ, ਨੈਨਸੀ ਸਰਪਾਲ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ ਅਕੈਡਮੀ ਤੇ ਐੱਮਡੀ ਵਿਸ਼ਾਲ ਸਰਪਾਲ ਅਤੇ ਮੈਨੇਜਰ ਬਿਕਰਮ ਸਰਪਾਲ ਨੇ ਆਏ ਮਹਿਮਾਨਾਂ ਦਾ ਨਿੱਘਾ ਸਵਾਗਤ ਕਰਦਿਆਂ ਜੀ ਆਇਆ ਆਖਿਆ ਇਸ ਦੌਰਾਨ ਸ਼ਾਇਰੀ ਅਰੋੜਾ ਸ਼ੀਤਲ, ਰਿੰਪੀ ਨੰਦਾ, ਡੇਜ਼ੀ, ਮੁਸਕਾਨ, ਅਨਮੋਲਪ੍ਰੀਤ, ਡਿੰਪਲ ਅਤੇ ਚੈਰੀ ਆਦਿ ਨੂੰ ਸੁਰਭੀ ਵਰਮਾ ਨੇ ਕਰਾਊਨ ਪਹਿਨਾਏ ਤੇ ਸਨਮਾਨਿਤ ਕੀਤਾ ਜਿਕਰਯੋਗ ਹੈ ਕਿ ਮਿਸਜ਼ ਨਾਰਥ ਇੰਡੀਆ-2022 ਦਾ ਖਿਤਾਬ ਸ਼ਾਇਰੀ ਅਰੋੜਾ ਨੇ ਜਿੱਤਿਆ ਸੀ, ਜਦ ਕਿ ਫਸਟ-ਰਨਰਅਪ ਰੋਸ਼ਨੀ ਅਦਲੱਖਾ ਅਤੇ ਸੈਕਿੰਡ ਰਨਰਅਪ ਪਿੰਕੀ ਮਹਿਤਾ ਰਹੀ ਇਨ੍ਹਾਂ ਤੋਂ ਇਲਾਵਾ ਬਾਕੀ ਔਰਤਾਂ ਨੂੰ ਵੱਖ-ਵੱਖ ਟਾਈਟਲ ਤੇ ਕਰਾਊਨ ਪਹਿਨਾ ਕੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਮੁੱਖ ਮਹਿਮਾਨ ਸੁਰਭੀ ਵਰਮਾ ਨੇ ਕਿਹਾ ਕਿ ਇਨ੍ਹਾਂ ਔਰਤਾਂ ਨੂੰ ਆਪਣਾ ਹੁਨਰ ਦਿਖਾਉਣ ਲਈ ਟੀਐੈਚ ਪ੍ਰੋਡਕਸ਼ਨ ਨੇ ਵਧੀਆ ਪਲੇਟਫਾਰਮ ਮੁਹੱਈਆ ਕਰਵਾਇਆ ਹੈ ਅਤੇ ਆਸ ਕਰਦੇ ਹਾਂ ਕਿ ਅਜਿਹੇ ਮੌਕੇ ਅਗਾਂਹ ਵੀ ਆਉਣਗੇ ਵਿਸ਼ਾਲ ਸਰਪਾਲ ਵਲੋਂ ਸੁਰਭੀ ਵਰਮਾ, ਮੈਡਮ ਗੀਤਾ ਅਤੇ ਸੁਲੇਖਾ ਮਹਿਰਾ ਨੂੰ ਵੀ ਸਨਮਾਨਿਤ ਕੀਤਾ ਗਿਆ ਇਸ ਮੌਕੇ ਸਪੀਡੀ ਰਾਜਪੂਤ ਮੌਜੂਦ ਸਨ।

# ਸਰਕਾਰੀ ਬਹੁਤਕਨੀਕੀ ਕਾਲਜ (ਲੜਕੀਆਂ) ਵਿਖੇ ਸਵੈ ਰੋਜਗਾਰ ਉਦਮੀ ਜਾਗਰੂਕਤਾ ਕੈਂਪ ਆਯੋਜਿਤ



ਲੁਧਿਆਣਾ/ਸੁਖਚੈਨ ਮਹਿਰਾ

ਅੱਜ ਐਸ.ਆਰ.ਐਸ. ਸਰਕਾਰੀ ਬਹੁਤਕਨੀਕੀ ਕਾਲਜ (ਲੜਕੀਆਂ) ਲੁਧਿਆਣਾ ਵਿਖੇ ਪ੍ਰਿੰਸੀਪਲ ਸ੍ਰੀ ਮਹਿੰਦਰਪਾਲ ਸਿੰਘ ਦੀ ਅਗਵਾਈ ਹੇਠ ਅਤੇ ਟੀ.ਪੀ.ਓ ਮੈਡਮ ਰਜਨੀ ਭੱਲਾ ਅਤੇ ਸਹਾਇਕ ਟੀ.ਪੀ.ਓ ਡਾ: ਪਵਨ ਕੁਮਾਰ ਸ੍ਰੀ ਸੁਖਵਿੰਦਰਪਾਲ ਸਿੰਘ ਮੁਖੀ ਵਿਭਾਗ (ਪ੍ਰਧਾਨ ਵਿਦਿਆਰਥੀ ਮਾਮਲੇ) ਦੀ ਦੇਖ ਰੇਖ ਹੇਠ ਸਵੈ ਰੋਜਗਾਰ ਉਦਮੀ ਜਾਗਰੁਕਤਾ ਕੈਪ ਲਗਾਇਆ ਗਿਆ

ਇਸ ਮੌਕੇ ਉਚੇਚੇ ਤੌਰ @ਤੇ ਵਿਦਿਆਰਥਣਾਂ ਨੂੰ ਸਵੈ ਰੋਜਗਾਰ ਸਬੰਧੀ ਅਤੇ ਪੰਜਾਬ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਦੀ ਜਾਣਕਾਰੀ ਦੇਣ ਲਈ ਜਿਲਾ ਰੋਜਗਾਰ ਬਿਉਰੋ ਲੁਧਿਆਣਾ ਤੋ ਡਿਪਟੀ ਸੀ.ਈ.ਓ ਸ੍ਰੀ ਨਵਦੀਪ ਰਾਜਪਾਲ ਅਤੇ ਮਨਿੰਦਰ ਸਿੰਘ ਸਹਾਇਕ ਨਿਰਦੇਸ਼ਕ ਉਦਯੋਗ ਤੇ ਵਣਜ ਵਿਭਾਗ ਸ੍ਰੀ ਦਲਿੰਦਰ ਪ੍ਰਸ਼ਾਦ ਸਹਾਇਕ ਜਿਲ੍ਹਾ ਮੈਨੇਜਰ ਪੰਜਾਬ ਸ਼ਡਿਊਲ ਕਾਸਟ ਫਿਨਾਂਸ ਕਾਰਪੋਰੇਸ਼ਨ ਸ੍ਰੀ ਭੁਪਿੰਦਰ ਕੁਮਾਰ ਜੂਨੀਅਰ ਸਹਾਇਕ ਅਤੇ ਐਚ.ਡੀ.ਐਫ.ਸੀ ਬੈਕ ਵਲੋ ਸ੍ਰੀ ਵਿਜੈ ਨਰੂਲਾ ਅਤੇ ਅਸ਼ੀਸ਼ ਗਰਗ, ਇਸ ਤੋ ਇਲਾਵਾ ਕੁੱਝ ਨਿੱਜੀ ਕੰਪਨੀਆ ਦੇ ਨੁਮਾਇੰਦੇ ਸ੍ਰੀ ਦੀਪਕ ਡੋਗਰਾ ਅਤੇ ਮਨੀਸ਼ ਕੁਮਾਰ ਸੀ.ਸੀ.ਪੀ.ਐਲ ਕੰਪਨੀ ਅਤੇ ਸਹਿਲੇਸ਼ ਵਾਜਪਾਈ (ਹਨੀ ਬੀ.ਐਸ.ਐਸ.ਬੀ) ਆਦਿ ਪਹੁੰਚੇ

ਜਿਲ੍ਹਾ ਰੋਜਗਾਰ ਬਿਉਰੋ ਵਲੋ ਡਿਪਟੀ ਸੀ.ਈ.ਓ ਸ੍ਰੀ ਨਵਦੀਪ ਰਾਜਪਾਲ ਜੀ ਨੇ ਜਾਗਰੁਕਤਾ ਕੈਪ ਵਿਚ ਵਿਦਿਆਰਥਣਾਂ ਨੂੰ ਸਵੈ ਰੋਜਗਾਰ ਨਾਲ ਸਬੰਧਤ ਭਾਰਤ ਤੇ ਪੰਜਾਬ ਸਰਕਾਰ ਦੀਆਂ ਵੱਖ ਵੱਖ ਚੱਲ ਰਹੀਆਂ ਸਕੀਮਾਂ ਬਾਰੇ ਭਾਵਪੂਰਤ ਜਾਣਕਾਰੀ ਦਿੱਤੀ ਉਨ੍ਹਾਂ ਕਿਹਾ ਕਿ ਜਿਹੜਾ ਵੀ ਵਿਦਿਆਰਥੀ ਨੌਕਰੀ ਤੋ ਬਿਨਾਂ ਆਪਣਾ ਕਾਰੋਬਾਰ ਸੁਰੂ ਕਰਨਾ ਚਾਹੁੰਦਾ ਹੈ ਉਸ ਨੂੰ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਦੀਆਂ ਵੱਖ ਵੱਖ ਵਿੱਤੀ ਸਕੀਮਾਂ ਤੋ ਭਰਪੂਰ ਲਾਹਾ ਲੈਣਾ ਚਾਹੀਦਾ ਹੈ ਇਸ ਸਬੰਧੀ ਜਿਲ੍ਹਾ ਉਦਯੋਗ ਦਫਤਰ ਵਲੋ ਅਜਿਹੇ ਉਦਮੀ ਨੌਜਵਾਨ ਮੁੰਡੇ ਕੁੜੀਆਂ ਨੂੰ ਹਰ ਤਰਾਂ ਦੀ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ ਕਿਉਕਿ ਕਈ ਵਾਰ ਆਰਥਿਕ ਸਮੱਸਿਆ ਕਾਰਨ ਬਹੁਤ ਸਾਰੇ ਨੋਜਵਾਨ ਸ਼ਵੈ ਰੋਜਗਾਰ ਸਬੰਧੀ ਸਕੀਮਾ ਦੀ ਜਾਣਕਾਰੀ ਨਾ ਹੋਣ ਕਾਰਨ ਆਪਣਾ ਕਾਰੋਬਾਰ ਸੁਰੂ ਕਰਨ ਵਿਚ ਹਿਚਕਿਚਾਉਦੇ ਹਨ ਅੱਜ ਦੇ ਇਸ ਕੈਪ ਵਿਚ ਸਾਰੇ ਬੁਲਾਰਿਆਂ ਨੇ ਵਿਦਿਆਰਥਣਾਂ ਨੂੰ ਇਹ ਸੁਨੇਹਾ ਦਿੱਤਾ ਕਿ ਆਪਣੀ ਮਿਹਨਤ ਅਤੇ ਹੁਨਰ ਸਦਕਾ ਜਿੱਥੇ ਆਪਣਾ ਕਾਰੋਬਾਰ ਸੁਰੂ ਕਰ ਸਕਦੇ ਹਨ ਉਥੇ ਆਪਣੇ ਹੋਰ ਬੇਰੁਜਗਾਰ ਸਾਥੀਆਂ ਲਈ ਵੀ ਰੋਜਗਾਰ ਦੇ ਮੌਕੇ ਪੈਦਾ ਕਰ ਸਕਦੇ ਹਨ ਅਖੀਰ ਵਿਚ ਪ੍ਰਿੰਸੀਪਲ ਸ੍ਰੀ ਮਹਿੰਦਰਪਾਲ ਸਿੰਘ ਨੇ ਆਏ ਸਾਰੇ ਮਹਿਮਾਨਾਂ ਦਾ ਉਚੇਚਾ ਧੰਨਵਾਦ ਕੀਤਾ ਉਨ੍ਹਾਂ ਕਿਹਾ ਕਿ ਯਕੀਨਨ ਵਿਦਿਆਰਥਣਾਂ ਨੇ ਅੱਜ ਦੇ ਇਸ ਜਾਗਰੁਕਤਾ ਕੈਪ ਵਿਚੋ ਆਪਣੇ ਭਵਿੱਖ ਲਈ ਠੋਸ ਜਾਣਕਾਰੀ ਹਾਸਲ ਕੀਤੀ ਹੈ ਜੋ ਉਹਨਾਂ ਦੇ ਭਵਿੱਖ ਲਈ ਲਾਹੇਵੰਦ ਸਿੱਧ ਹੋਵੇਗੀ ਅੱਜ ਦੇ ਇਸ ਪ੍ਰੋਗਰਾਮ ਵਿਚ ਬੈਕਾਂ ਵਲੋ ਵਿੱਤੀ ਸਹਾਇਤਾ ਲਈ ਵੱਖ ਵੱਖ ਸਕੀਮਾਂ ਦੀ ਜਾਣਕਾਰੀ ਸਮੂਹ ਵਿਦਿਆਰਥਣਾਂ ਨਾਲ ਸਾਂਝੀ ਕੀਤੀ ਗਈ।

## ਕਾਂਗਰਸੀ ਉਮੀਦਵਾਰ ਦਲਵੀਰ ਗੋਲਡੀ ਲਈ ਧਰਮਪਤਨੀ ਸਿਮਰਤ ਕੌਰ ਖੰਗੂੜਾ ਨੇ ਮੰਗੀਆਂ ਵੋਟਾਂ

ਬਰਨਾਲਾ/ਕਰਨਪ੍ਰੀਤ ਧੰਦਰਾਲ

ਲੋਕ ਸਭਾ ਹਲਕਾ ਸੰਗਰੂਰ ਵਿੱਚ ਚੋਣ ਪ੍ਰਚਾਰ ਪੂਰੀ ਤਰ੍ਹਾ ਭਖ ਚੁੱਕਿਆ ਹੈ ਉਮੀਦਵਾਰਾਂ ਦੇ ਨਾਲ-ਨਾਲ ਹੁਣ ਉਨ੍ਹਾਂ ਦੇ ਪਰਿਵਾਰਿਕ ਮੈਂਬਰ ਵੀ ਚੋਣ ਪ੍ਰਚਾਰ ਵਿੱਚ ਪੂਰੀ ਤਰ੍ਹਾਂ ਸਰਗਰਮ ਹੋ ਚੁੱਕੇ ਹਨ ਲੋਕ ਸਭਾ ਹਲਕਾ ਸੰਗਰੂਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਦਲਵੀਰ ਸਿੰਘ ਗੋਲਡੀ ਦੇ ਹੱਕ ਵਿਚ ਉਨ੍ਹਾਂ ਦੀ ਪਤਨੀ ਸਿਮਰਤ ਕੌਰ ਖੰਗੂੜਾ ਨੇ ਵੱਖ ਵੱਖ ਬਾਜ਼ਾਰਾਂ ਵਿੱਚ ਜਾ ਕੇ ਦੁਕਾਨਦਾਰਾਂ ਤੋਂ ਆਪਣੇ ਪਤੀ ਦੇ ਹੱਕ ਵਿੱਚ ਵੋਟਾਂ ਮੰਗੀਆਂ ਇਸ ਮੌਕੇ ਉਨ੍ਹਾਂ ਨਾਲ ਹਲਕਾ ਇੰਚਾਰਜ ਮਨੀਸ਼ ਬਾਂਸਲ ਵੀ ਮੌਜੂਦ ਸਨ ਇਸ ਮੌਕੇ ਸਿਮਰਤ ਕੌਰ ਖੰਗੂੜਾ ਨੇ ਕਿਹਾ ਕਿ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਪੰਜਾਬ ਸੂਬਾ ਵਿਕਾਸ ਦੀਆਂ ਲੀਹਾਂ 'ਤੇ ਚੱਲ ਰਿਹਾ ਸੀ ਤੇ ਸੂਬੇ ਦੇ ਹਰ ਵਰਗ ਨੂੰ ਸਹੂਲਤਾਂ ਤੇ ਲੋਕ ਭਲਾਈ ਸਕੀਮਾਂ ਮਿਲ ਰਹੀਆਂ ਸਨ ਪਰ ਆਮ ਆਦਮੀ ਪਾਰਟੀ ਸਕੀਮਾਂ ਦੇਣ ਵਿਚ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋ ਰਹੀ ਹੈ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਚੋਣਾਂ ਤੋਂ ਪਹਿਲਾਂ ਵੱਡੇ ਵੱਡੇ ਲੋਕਾਂ ਨਾਲ ਵਾਅਦੇ ਕੀਤੇ ਸਨ ਪਰ ਸੱਤਾ ਸੰਭਾਲਣ ਉਪਰੰਤ ਇਕ ਵੀ ਵਾਅਦਾ ਪੂਰਾ ਨਹੀਂ ਕੀਤਾ ਜਿਸ ਕਾਰਨ ਆਮ ਆਦਮੀ ਪਾਰਟੀ ਤੋਂ ਤਿੰਨ ਮਹੀਨਿਆਂ ਵਿੱਚ ਹੀ ਮੋਹ ਭੰਗ ਹੋ ਗਿਆ ਹੈ ਕਾਂਗਰਸ ਦੇ ਹਲਕਾ ਇੰਚਾਰਜ ਮਨੀਸ਼ ਬਾਂਸਲ ਨੇ ਕਿਹਾ ਕਿ ਪੰਜਾਬ ਅੰਦਰ ਵੀ ਲਾਅ ਐਂਡ ਆਡਰ ਦੀ ਸਥਿਤੀ ਵੀ ਗੜਬੜਾ ਚੁੱਕੀ ਹੈ ਸੂਬੇ ਅੰਦਰ ਆਏ ਦਿਨ ਕਤਲ ਅਤੇ ਲੁੱਟ ਖੋਹ ਦੀਆਂ ਵਾਰਦਾਤਾਂ ਇਸ ਗੱਲ ਦੀ ਗਵਾਹੀ ਭਰਦੀਆਂ ਨੇ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਅੰਦਰ ਅਮਨ ਕਾਨੂੰਨ ਦੀ ਬਹਾਲੀ ਕਰਨ ▾ਚ ਪੂਰੀ ਤਰਾਂ ਨਾਕਾਮ ਸਾਬਤ ਹੋਈ ਹੈ।

# ਸੰਗਰੂਰ ਜਿਮਨੀ ਚੋਣ ਲਈ ਵਰਕਰਾਂ ਵਿੱਚ ਭਾਰੀ ਉਤਸ਼ਾਹ, 'ਆਪ' ਹਾਸਿਲ ਕਰੇਗੀ ਹੂੰਝਾ ਫੇਰ ਜਿੱਤ: ਡਾ. ਅਮਨਦੀਪ ਕੌਰ ਅਰੋੜਾ

## ਵਿਧਾਇਕਾਂ ਡਾ. ਅਮਨਦੀਪ ਕੌਰ ਅਰੋੜਾ ਦੁਆਰਾ ਸੰਗਰੂਰ ਵਿੱਚ ਗੁਰਮੇਲ ਸਿੰਘ ਦੇ ਹੱਕ 'ਚ ਚੋਣ ਪ੍ਰਚਾਰ



ਮੋਗਾ/ਦਵਿੰਦਰ ਸਿੰਘ ਬਿੱਟੂ

ਆਗਾਮੀ ਸੰਗਰੂਰ ਜਿਮਨੀ ਚੋਣ ਲਈ ਪ੍ਰਚਾਰ ਤੇਜ਼ ਕਰਦਿਆਂ ਆਮ ਆਦਮੀ ਪਾਰਟੀ (ਆਪ) ਦੇ ਮੋਗਾ ਤੋਂ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਸੋਮਵਾਰ ਨੂੰ ਸੰਗਰੂਰ ਦੇ ਭਵਾਨੀਗੜ੍ਹ ਵਿੱਖੇ ਆਪ ਐਮ. ਪੀ. ਉਮੀਦਵਾਰ ਗੁਰਮੇਲ ਸਿੰਘ ਘਰਾਚੋਂ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ @ਆਪ@ ਦੇ ਸੰਗਰੂਰ ਤੋਂ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਨੇ 2014 ਅਤੇ 2019 ਵਿੱਚ ਭਾਰੀ ਜਿੱਤ ਹਾਸਿਲ ਕੀਤੀ ਸੀ ਇਹ ਸੀਟ ਮਾਨ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਧੂਰੀ ਹਲਕੇ ਤੋਂ ਜਿੱਤ ਕੇ ਮੁੱਖ ਮੰਤਰੀ ਬਣਨ @ਤੇ ਸੰਸਦ ਮੈਂਬਰ ਵਜੋਂ ਅਸਤੀਫ਼ਾ ਦੇਣ ਤੋਂ ਬਾਅਦ ਖ਼ਾਲੀ ਹੋ ਗਈ ਸੀ

ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਕਿਹਾ ਕਿ ਪੰਜਾਬ ਵਿੱਚ @ਆਪ@ ਦੀ ਸਰਕਾਰ ਬਣਨ ਤੋਂ ਬਾਅਦ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਪੰਜਾਬ ਅਤੇ ਪੰਜਾਬੀਆਂ ਦੀ ਭਲਾਈ ਲਈ ਕਈ ਲੋਕ ਪੱਖੀ ਫ਼ੈਸਲੇ ਕੀਤੇ ਹਨ ਇਸ ਦੌਰਾਨ ਆਮ ਆਦਮੀ ਪਾਰਟੀ ਵੱਲੋਂ ਚੋਣ ਮੈਦਾਨ ਵਿੱਚ ਪੜ੍ਹੇ-ਲਿਖੇ ਉਮੀਦਵਾਰ ਗੁਰਮੇਲ ਸਿੰਘ ਨੂੰ ਉਤਾਰਿਆ ਗਿਆ ਹੈ ਸੰਗਰੂਰ ਵਾਲਿਆਂ ਨੇ ਪਹਿਲਾਂ ਵੀ ਇਹ ਸੀਟ ਦੋ ਵਾਰ ਜਿੱਤ ਕੇ @ਆਪ@ ਦੀ ਝੋਲੀ ਨੇ ਕਿਹਾ ਕਿ ਉਹ ਇਸ ਸੀਟ ਤੋਂ ਜਿੱਤ ਕੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਕਸ਼ੇ ਕਦਮਾਂ @ਤੇ ਚੱਲਦਿਆਂ ਸੰਗਰੂਰ ਵਾਸੀਆਂ ਦੀ ਭਲਾਈ ਲਈ ਤਨਦੇਹੀ ਨਾਲ ਕੰਮ ਕਰਨਗੇ ਗੁਰਮੇਲ ਸਿੰਘ ਦੇ ਕੰਮ ਦੀ ਤਾਰੀਫ਼ ਕਰਦਿਆਂ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਪਾਰਟੀ ਨੇ ਜ਼ਮੀਨ ਨਾਲ ਜੁੜੇ ਇੱਕ ਆਮ ਅਤੇ ਮਿਹਨਤੀ ਆਗੂ ਨੂੰ ਉਮੀਦਵਾਰ ਚੁਣਿਆ ਗੁਰਮੇਲ ਸਿੰਘ ਨੇ ਗਣਿਤ ਵਿੱਚ ਪੋਸਟ-ਗ੍ਰੈਜੂਏਟ ਅਤੇ ਐੱਮ.ਬੀ.ਏ. ਦੀ ਪੜ੍ਹਾਈ ਕੀਤੀ ਹੈ ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਉਹ ਅਧਿਆਪਕ ਅਤੇ ਵਾਤਾਵਰਨ ਪ੍ਰੇਮੀ ਵੱਜੋਂ ਲਗਾਤਾਰ ਸੰਗਰੂਰ ਦੇ ਲੋਕਾਂ ਦੀ ਸੇਵਾ ਨਾਲ ਜੁੜੇ ਰਹੇ ਹਨ। ਉਹਨਾਂ ਨੇ ਦੱਸਿਆ ਕਿ ਗੁਰਮੇਲ ਸਿੰਘ ਨੂੰ ਪਾਰਟੀ ਵੱਲੋਂ 2015 ਵਿੱਚ ਬਤੌਰ ਭਵਾਨੀਗੜ੍ਹ ਬਲਾਕ ਪ੍ਰਧਾਨ ਸੇਵਾ ਮਿਲੀ ਸੀ ਇਸ ਤੋਂ ਬਾਅਦ 2018 ਵਿੱਚ ਉਹ ਘਰਾਚੋਂ ਤੋਂ ਸਰਪੰਚ ਚੁਣੇ ਗਏ ਅਤੇ 2021 @ਚ ਪਾਰਟੀ ਵੱਲੋਂ ਉਨ੍ਹਾਂ ਨੂੰ ਸੰਗਰੂਰ ਜ਼ਿਲ੍ਹੇ ਦਾ ਪ੍ਰਧਾਨ ਵੀ ਨਿਯੁਕਤ ਕੀਤਾ ਗਿਆ ਭਵਾਨੀਗੜ੍ਹ ਵਿੱਚ ਨੁੱਕੜ ਮੀਟਿੰਗ ਵਿੱਚ ਉਹਨਾਂ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਅਤੇ ਅਕਾਲੀ-ਭਾਜਪਾ ਦੀ ਕਰਾਰੀ ਹਾਰ ਅਤੇ @ਆਪ@ ਦੇ ਇਤਿਹਾਸਿਕ ਭਾਰੀ ਬਹੁਮਤ ਨਾਲ ਸਰਕਾਰ ਬਣਾਉਣ ਕਾਰਨ ਵਰਕਰਾਂ ਵਿੱਚ ਉਤਸ਼ਾਹ ਹੈ ਕਿ ਉਹ ਇੱਕ ਵਾਰ ਫਿਰ ਸੰਗਰੂਰ ਸੀਟ @ਤੇ ਜਿੱਤ ਹਾਸਲ ਕਰਨਗੇ। ਇਸ ਸਮੇਂ ਉਹਨਾਂ ਨਾਲ ਬਲਜੀਤ ਸਿੰਘ ਚਾਨੀ ($3), ਅਮਨ ਰਖਰਾ, ਅਮਿਤ ਪੁਰੀ, ਨਵਦੀਪ ਵਾਲੀਆ, ਬਰਿੰਦਰ ਸਿੰਘ, ਨਛੱਤਰ ਸਿੰਘ, ਗੁਰਮੁੱਖ ਸਿੰਘ ਹੋਰ ਅਹੁਦੇਦਾਰ ਹਾਜਰ ਸਨ।

Website : www.lokbani.com
lokbani08@gmail.com

# ਉੱਘੇ ਲੇਖਕ ਹਮਦਰਦਵੀਰ ਨੌਸ਼ਹਿਰਵੀ ਪੰਨੂੰ ਦੀ ਯਾਦ ਨੂੰ ਸਮਰਪਿਤ ਸਮਾਗਮ ਕਰਾਇਆ

**ਸਮਰਾਲਾ/ਭੂਸ਼ਨ ਬਾਂਸਲ ਸੁਨੀਲ ਅਗਰਵਾਲ**

ਲੇਖਕ ਮੰਚ (ਰਜਿ:) ਸਮਰਾਲਾ ਵੱਲੋਂ ਪ੍ਰਿੰਸੀਪਲ : (ਡਾ.) ਪਰਮਿੰਦਰ ਸਿੰਘ ਬੈਨੀਪਾਲ ਦੀ ਪ੍ਰਧਾਨਗੀ ਹੇਠ ਉੱਘੇ ਪੰਜਾਬੀ ਲੇਖਕ ਸਵ: ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਪੰਨੂੰ ਦੀ ਯਾਦ ਨੂੰ ਸਮਰਪਿਤ ਸਥਾਨਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਮਾਗਮ ਕਰਵਾਇਆ ਗਿਆ ਜਿਸ ਵਿਚ ਮੰਚ ਨਾਲ ਜੁੜੇ ਸਾਰੇ ਲੇਖਕ ਸ਼ਾਮਲ ਹੋਏ ਪ੍ਰਿੰਸੀਪਲ : (ਡਾ.) ਪਰਮਿੰਦਰ ਸਿੰਘ ਬੈਨੀਪਾਲ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਪ੍ਰੋ. ਪੰਨੂੰ ਨੂੰ ਇੱਕ ਸੁਹਿਰਦ ਇਨਸਾਨ, ਸਮਰਪਿਤ ਲੇਖਕ, ਅਧਿਆਪਕ, ਸਮਾਜ ਸੇਵਕ ਅਤੇ ਟ੍ਰੇਡ ਯੂਨੀਅਨ ਆਗੂ ਦੱਸਿਆ ਉਹਨਾਂ ਕਿਹਾ ਕਿ ਪ੍ਰੋ. ਪੰਨੂੰ ਨੇ ਸਾਹਿਤ ਦੀ ਹਰ ਵਿਧਾ ਵਿੱਚ ਬਹੁਤ ਸਫ਼ਲਤਾਪੂਰਬਕ ਆਪਣਾ ਹੱਥ ਅਜਮਾਇਆ ਉਹਨਾਂ ਦੇ ਲੇਖ ਪੰਜਾਬ ਅਤੇ ਪੰਜਾਬੋਂ ਬਾਹਰ ਸਾਰੇ ਮੁੱਖ ਅਖ਼ਬਾਰਾਂ ਵਿੱਚ ਛਪਦੇ ਰਹੇ ਉਹਨਾਂ ਕਹਾਣੀ, ਕਵਿਤਾ ਅਤੇ ਸਵੈ ਜੀਵਨੀ ਲਿਖੀ ਉਹਨਾਂ ਨੇ ਆਪਣੇ ਜੀਵਨ ਕਾਲ ਵਿੱਚ ਕਰੀਬ ਦੋ ਦਰਜ਼ਨ ਤੋਂ ਵੱਧ ਕਿਤਾਬਾਂ ਦੀ ਰਚਨਾ ਕੀਤੀ ਉਹਨਾਂ ਕਿਹਾ ਕਿ ਪ੍ਰੋ. ਪੰਨੂੰ ਦਾ ਜੀਵਨ ਪ੍ਰੇਰਣਾ ਦਾ ਸੋਮਾ ਰਿਹਾ ਉਹ ਕੁਲਵਕਤੀ ਲੇਖਕ ਤਾਂ ਸੀ ਹੀ, ਨਾਲ ਹੀ ਉਹ ਇੱਕ ਆਦਰਸ਼ ਅਧਿਆਪਕ ਵੀ ਸੀ ਜਿਸ ਤੋਂ ਪ੍ਰੇਰਣਾ ਲੈ ਕੇ ਉਹਨਾਂ ਦੇ ਵਿਦਿਆਰਥੀ ਅੱਜ ਵੱਡੇ ਮੁਕਾਮਾਂ 'ਤੇ ਬੈਠੇ ਹਨ ਉਹਨਾਂ ਆਪਣੇ ਵਿਦਿਆਰਥੀਆਂ ਨੂੰ ਚੰਗੀ ਸੇਧ ਦੇਕੇ ਚੰਗੇ ਨਾਗਰਿਕ ਬਣਾਇਆ ਪ੍ਰਿੰਸੀਪਲ .(ਡਾ.) ਪਰਮਿੰਦਰ ਸਿੰਘ ਬੈਨੀਪਾਲ ਨੇ ਉਹਨਾਂ ਵੱਲੋਂ ਰਚਿਤ ਪੁਸਤਕ ਵਿੱਚੋਂ ਕਵਿਤਾਵਾਂ ਦੇ ਕੁਝ ਅੰਸ਼ ਪੜ੍ਹ ਕੇ ਹਾਜ਼ਰ ਸਰੋਤਿਆਂ ਦੀ ਨਜ਼ਰ ਕੀਤੇ ਉਹਨਾਂ ਕਿਹਾ ਉਹਨਾਂ ਵੱਲੋਂ ਪੰਜਾਬ ਲੋਕ ਸੱਭਿਆਚਾਰਕ (ਪਲਸ) ਮੰਚ ਦੀ ਸਥਾਪਨਾ ਕਰਨ ਵਿੱਚ ਜ਼ਿਕਰਯੋਗ ਯੋਗਦਾਨ ਪਾਇਆ ਇਸ ਮੌਕੇ ਹਰਜਿੰਦਰਪਾਲ ਸਿੰਘ ਸਮਰਾਲਾ, ਹਰਬੰਸ ਸਿੰਘ ਮਾਲਵਾ, ਲਖਬੀਰ ਸਿੰਘ ਬਲਾਲਾ, ਬੰਤ ਸਿੰਘ ਖਾਲਸਾ, ਕਰਮ ਚੰਦ ਮੈਨੇਜਰ ਅਤੇ ਸੁਰਜੀਤ ਸਿੰਘ ਵਿਸ਼ਦ ਨੇ ਪ੍ਰੋ. ਪੰਨੂੰ ਨਾਲ ਬਿਤਾਏ ਆਪਣੇ ਯਾਦਗਾਰੀ ਪਲਾਂ ਦੀ ਦਾਸਤਾਨ ਸਾਂਝੀ ਕੀਤੀ ਸਾਰੇ ਹੀ ਬੁਲਾਰਿਆਂ ਨੇ ਮਰਹੂਮ ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਪੰਨੂੰ ਦੀਆਂ ਲਿਖਤਾਂ, ਉਹਨਾਂ ਵੱਲੋਂ ਕੀਤੇ ਸਮਾਜ ਸੁਧਾਰ ਦੇ ਕੰਮਾਂ, ਟ੍ਰੇਡ ਯੂਨੀਅਨ ਸਰਗਰਮੀਆਂ ਅਤੇ ਉਹਨਾਂ ਦੇ ਅਧਿਆਪਨ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁੱਖ ਤੌਰ 'ਤੇ ਹਰਜਿੰਦਰਪਾਲ ਸਿੰਘ ਸਮਰਾਲਾ, ਬੰਤ ਸਿੰਘ ਖਾਲਸਾ, ਕਰਮ ਚੰਦ ਮੈਨੇਜਰ, ਪ੍ਰਿੰਸੀਪਲ : (ਡਾ.) ਪਰਮਿੰਦਰ ਸਿੰਘ ਬੈਨੀਪਾਲ, ਨਵਚੇਤਨ ਵੇਗ ਪੰਨੂੰ, ਲਖਬੀਰ ਸਿੰਘ ਬਲਾਲਾ, ਅਵਤਾਰ ਸਿੰਘ ਉਟਾਲਾਂ, ਹਰਬੰਸ ਸਿੰਘ ਅਤੇ ਸੁਰਜੀਤ ਸਿੰਘ ਵਿਸ਼ਦ, ਅਵਤਾਰ ਸਿੰਘ ਉਟਾਲ ਆਦਿ ਹਾਜ਼ਰ ਸਨ ਮੰਚ ਸੰਚਾਲਕ ਦੀ ਭੂਮਿਕਾ ਸੁਰਜੀਤ ਸਿੰਘ ਵਿਸ਼ਦ ਦੁਆਰਾ ਬਾਖੂਬੀ ਨਿਭਾਈ ਗਈ ਅਖੀਰ ਪ੍ਰਿੰਸੀਪਲ (ਡਾ.) ਪਰਮਿੰਦਰ ਸਿੰਘ ਬੈਨੀਪਾਲ ਨੇ ਆਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ।



# ਕਿਸਾਨ ਆਗੂ ਨਿਜ਼ਾਮਪੁਰਾ ਨੂੰ ਸਦਮਾ, ਮਾਤਾ ਦਾ ਦਿਹਾਂਤ

**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਕਿਸਾਨ ਆਗੂ ਕਾਮਰੇਡ ਲਖਬੀਰ ਸਿੰਘ ਨਿਜ਼ਾਮਪੁਰਾ, ਮਾਸਟਰ ਜਸਬੀਰ ਸਿੰਘ ਤੇ ਅਵਤਾਰ ਸਿੰਘ ਨੂੰ ਉਸ ਵਕਤ ਗਹਿਰਾ ਸਦਮਾ ਲੱਗਾ ਜਦੋਂ ਉਹਨਾਂ ਦੇ ਮਾਤਾ ਗੁਰਦੀਪ ਕੌਰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਮਾਤਾ ਗੁਰਦੀਪ ਕੌਰ ਦਾ ਅੰਤਿਮ ਸੰਸਕਾਰ ਪਿੰਡ ਦੀ ਸ਼ਮਸ਼ਾਨ ਘਾਟ ਵਿਖੇ ਕਰ ਦਿੱਤਾ ਹੈ ਤੇ ਉਹਨਾਂ ਦੀ ਅੰਤਿਮ ਅਰਦਾਸ ਤੇ ਆਖੰਡ ਪਾਠ ਸਾਹਿਬ ਦੇ ਭੋਗ 19 ਜੂਨ ਦਿਨ ਐਤਵਾਰ ਨੂੰ ਪਿੰਡ ਨਿਜ਼ਾਮਪੁਰ ਵਿਖੇ ਪਾਏ ਜਾਣਗੇ ਮਾਤਾ ਗੁਰਦੀਪ ਕੌਰ ਦੀ ਹੋਈ ਬੇਵਕਤੀ ਮੌਤ ਤੇ ਐਡਵੋਕੇਟ ਰਾਜਵਿੰਦਰ ਸਿੰਘ ਰਾਣਾ, ਭੈਣ ਦਸਵਿੰਦਰ ਕੌਰ, ਮੁਕੰਦ ਸਿੰਘ ਕਪੂਰਥਲਾ, ਅਮਰਜੀਤ ਸਿੰਘ ਅਸਲ, ਬਲਕਾਰ ਸਿੰਘ ਦੁਧਾਲਾ, ਇੰਜੀ. ਬਲਜੀਤ ਸਿੰਘ ਜੰਮੂ, ਐਮਬੀਐਸ ਰਿਜੋਰਟ ਵਾਲੇ, ਜਥੇਦਾਰ ਛਨਾਖ ਸਿੰਘ, ਅਵਤਾਰ ਸਿੰਘ ਫ਼ੌਜੀ, ਦਲੇਰ ਸਿੰਘ ਜੌਹਲ, ਦਲਜੀਤ ਸਿੰਘ, ਰਵੀ ਫਤਿਹਪੁਰ ਰਾਜਪੂਤਾਂ, ਡਾ. ਰੁਮਿੰਦਰ ਸਿੰਘ ਧੰਜੂ, ਗੁਰਮੇਜ਼ ਸਿੰਘ ਮੱਖਣਵਿੰਡੀ, ਬਚਿੱਤਰ ਸਿੰਘ ਦੋਧੀ, ਗੁਰਦੀਪ ਸਿੰਘ ਮੱਖਣਵਿੰਡੀ, ਹਰਜੀਤ ਸਿੰਘ, ਪ੍ਰਤਾਪ ਸਿੰਘ ਛੀਨਾ, ਚਰਨਜੀਤ ਸਿੰਘ ਮੱਖਣਵਿੰਡੀ ਤੇ ਇਲਾਕੇ ਦੀਆਂ ਕਈ ਹੋਰ ਨਾਮਵਰ ਸ਼ਖ਼ਸੀਅਤਾਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਦੁਖੀ ਪਰਿਵਾਰ ਨੂੰ ਭਾਣਾ ਮੰਨਣ ਲਈ ਕਿਹਾ।

# ਡਾ . ਸੰਧੂ ਤੇ ਉਹਨਾਂ ਦੇ ਸਾਥੀਆਂ ਨੇ ਲੋੜਵੰਦ ਪਰਿਵਾਰ ਦੀ ਮਦਦ ਕੀਤੀ




**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਲਾਇਨ ਕਲੱਬ ਸਿਵਲ ਲਾਈਨ ਅੰਮ੍ਰਿਤਸਰ ਹਮੇਸ਼ਾ ਹੀ ਆਪਣੀਆਂ ਸਮਾਜਿਕ ਗਤੀਵਿਧੀਆਂ ਲਈ ਤਤਪਰ ਰਹਿੰਦਾ ਹੈ ਤੇ ਇਸੇ ਹੀ ਕੜੀ ਨੂੰ ਅੱਗੇ ਤੋਰਦਿਆਂ ਹੋਇਆਂ ਕਲੱਬ ਦੇ ਪ੍ਰਧਾਨ ਡਾਕਟਰ ਤੇਜਪਾਲ ਸਿੰਘ ਸੰਧੂ ਤੇ ਉਹਨਾਂ ਦੇ ਸਾਥੀਆਂ ਨੇ ਪਿੰਡ ਜਾਂਗਲਾ ਦੇ ਇਕ ਲੋੜਵੰਦ ਪਰਿਵਾਰ ਨੂੰ ਆਰਥਿਕ ਤੌਰ ਤੇ ਮਦਦ ਕੀਤੀ ਇਥੇ ਇਹ ਗੱਲ ਵਰਨਣ ਯੋਗ ਹੈ ਕਿ ਇਸ ਪਰਿਵਾਰ ਦੇ ਘਰ ਵਿਚ ਕੁਝ ਦਿਨ ਪਹਿਲਾਂ ਅੱਗ ਲੱਗਣ ਕਾਰਨ ਸਾਰਾ ਹੀ ਕੀਮਤੀ ਸਮਾਨ ਜਿਸ ਵਿੱਚ ਕੱਪੜੇ, ਅਲਮਾਰੀ, ਮੋਟਰਸਾਈਕਲ, ਫਰਿਜ਼, ਖਾਣ ਪੀਣ ਦਾ ਸਮਾਨ ਅੱਗ ਦੀ ਭੇਂਟ ਚੜ੍ਹ ਗਿਆ ਸੀ ਜਿਸ ਦੀ ਭਿਣਕ ਡਾਕਟਰ ਤੇਜਪਾਲ ਸਿੰਘ ਸੰਧੂ ਤੇ ਉਹਨਾਂ ਦੇ ਸਾਥੀਆਂ ਨੂੰ ਪਈ ਤੇ ਕਲੱਬ ਦੇ ਮੈਂਬਰਾਂ ਨੇ ਇਸ ਪਰਿਵਾਰ ਦੀ ਹੌਸਲਾ ਅਫਜ਼ਾਈ ਲਈ ਅੱਗੇ ਆਏ ਤੇ ਉਹਨਾਂ ਦੀ ਆਰਥਿਕ ਮਦਦ ਕੀਤੀ।

ਇਸ ਮੌਕੇ ਕਲੱਬ ਦੇ ਸਾਬਕਾ ਡਿਸਟ੍ਰਿਕਟ ਹਰਦੀਪ ਸਿੰਘ ਖੜਕਾ, ਜਰਨਲ ਸਕੱਤਰ ਲਾਇਨ ਰਜੇਸ਼ ਸੇਠੀ, ਲਾਇਨ ਡਾ. ਬਲਰਾਜ ਕੌਰ ਸੰਧੂ, ਲਾਇਨ ਤਰਲੋਕ ਸਿੰਘ ਬਮਰਾ, ਨਾਨਕ ਸਿੰਘ ਨਵਾਂ ਪਿੰਡ, ਕੇਪੀ ਸਿੰਘ, ਲਾਇਨ ਵਿਨੋਦ ਸ਼ਰਮਾ, ਲਾਇਨ ਸਰਬਜੀਤ ਸਿੰਘ, ਸਮਰਦੀਪ ਸਿੰਘ, ਲਾਇਨ ਐਸ. ਕੇ. ਸ਼ਰਮਾ, ਲਾਇਨ ਜਸਕਰਨ ਸਿੰਘ ਛੀਨਾਂ, ਲਾਇਨ ਸੁਖਬੀਰ ਸਿੰਘ, ਲਾਇਨ ਓਂਕਾਰ ਸਿੰਘ, ਲਾਇਨ ਜਨਕ ਰਾਜ ਅਗਨੀਹੋਤਰੀ ਆਦਿ ਹਾਜ਼ਰ ਸਨ॥

# ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ




**ਲੁਧਿਆਣਾ/ਸੁਖਚੈਨ ਮਹਿਰਾ:-** ਸ਼ਹੀਦਾਂ ਦੇ ਸਰਤਾਜ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਠੰਢੇ ਮਿੱਠੇ ਜਲ ਦੀ ਛਪੀਲ ਲਗਾਈ ਗਈ ਨਾਲ ਛੋਲਿਆਂ ਦਾ ਪ੍ਰਸ਼ਾਦ ਵਰਤਾਇਆ ਗਿਆ ਅੱਤ ਦੀ ਪੇ ਰਹੀ ਗਰਮੀ ਵਿਚ ਲੋਕਾਂ ਦੇ ਮਨਾਂ ਨੂੰ ਠੰਡ ਪਾਉਣ ਲਈ ਪਿੰਡ ਬਹਾਦਰਕੇ ਵਿੱਚ ਠੰਡੇ ਮਿੱਠੇ ਜਲ ਦੀ ਛਬੀਲ ਤੇ ਛੋਲਿਆਂ ਦਾ ਲੰਗਰ ਲਗਾਇਆ ਗਿਆ ਸੰਗਤਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ ਇਸ ਮੌਕੇ ਤੇ ਹਾਜ਼ਰ ਹੋਏ ਸੁਖਵਿੰਦਰ ਸਿੰਘ ਮਹਿਰਾ, ਡਾ ਸਾਹਿਬ ਸਿੰਘ ਸੈਣੀ, ਸੁਖਵਿੰਦਰ ਸਿੰਘ,ਸੁਖਬੀਰ ਸਿੰਘ ਮਹਿਰਾ, ਡਾਕਟਰ ਅਸ਼ੀਸ਼ ਲਾਲ, ਕਾਕਾ, ਮੱਖਣ ਲਾਲ, ਕੁਲਜੀਤ ਮਹਿਰਾ, ਬੱਬੂ, ਦੀਪਕ ਮਹਿਰਾ, ਹਰਸ਼ਦੀਪ ਸਿੰਘ , ਸੁਖ, ਵਰੁਨ ਸੈਣੀ ਪਿੰਡ ਵਾਸੀ ਹਾਜ਼ਰ ਹੋਏ।

# ਡਿਪਟੀ ਕਿਮਸ਼ਨਰ ਪੁਲਿਸ ਵਲੋਂ ਪੁਲਿਸ ਕਿਮਸ਼ਨਰੇਟ ਸ਼ਿਹਰ ਨੂੰ 'ਨੋ ਡਰੋਨ ਜ਼ੋਨ' ਘੋਸ਼ਿਤ

## 14 ਤੇ 15 ਜੂਨ ਨੂੰ ਡਰੋਨ ਤੇ ਯੂਏਵੀ ਨੂੰ ਉਡਾਣ 'ਤੇ ਹੋਵੇਗੀ ਸਖ਼ਤ ਮਨਾਹੀ

**ਜਲੰਧਰ/ਸੰਜੇ ਰਾਜਪੂਤ:-** ਡਿਪਟੀ ਕਮਿਸ਼ਨਰ ਪੁਲਿਸ ਜਲੰਧਰ ਡਾ.ਅੰਕੁਰ ਗੁਪਤਾ ਨੇ ਜਾਬਤਾ ਫੌਜ਼ਦਾਰੀ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਪੁਲਿਸ ਕਮਿਸ਼ਨਰੇਟ ਜਲੰਧਰ ਸ਼ਹਿਰ ਨੂੰ 'ਨੋ ਡਰੋਨ ਜ਼ੋਨ' ਘੋਸ਼ਿਤ ਕੀਤਾ ਗਿਆ ਹੈ ਤੇ ਇਸ ਦੌਰਾਨ ਡਰੋਨ ਅਤੇ ਅਣਮੈਨਿਡ ਏਰੀਅਲ ਵਹੀਕਲਜ਼ (ਯੂਏਵੀ) ਨੂੰ ਤੁਰੰਤ ਪ੍ਰਭਾਵ ਨਾਲ ਸਖ਼ਤੀ ਨਾਲ ਉਡਾਉਣ 'ਤੇ ਪਾਬੰਦੀ ਹੋਵੇਗੀ ਇਹ ਹੁਕਮ 14.06.2022 ਤੋਂ 15.06.2022 ਤੱਕ ਲਾਗੂ ਰਹੇਗਾ।

# ਏਡਬਲਿਊਐੱਸ ਨਾਲ ਮੈਕਸ ਲਾਈਫ ਐਕਸੇਲਰੇਟ ਕਲਾਉਡ ਟ੍ਰਾਂਸਫੌਰਮੇਸ਼ਨ

**ਚੰਡੀਗੜ੍ਹ/ਲੋਕ ਬਾਣੀ**

ਅੱਜ ਐਮਾਜਾਨ ਵੈੱਬ ਸਰਵਿਸਿਜ (ਏਡਬਲਿਊਐੱਸ) ਅਮੈਜੌਨਡਾਟਕਾਮ ਕੰਪਨੀ ਨੇ ਘੋਸਣਾ ਕੀਤੀ ਕਿ ਮੈਕਸ ਲਾਈਫ ਇੰਸੋਰੈਂਸ ਕੰਪਨੀ ਲਿਮਿਟੇਡ (ਮੈਕਸ ਲਾਈਫ) ਨੇ ਇੱਕ ਡਿਜੀਟਲ ਜੀਵਨ ਬੀਮਾ ਕੰਪਨੀ ਬਣਨ ਲਈ ਏਡਬਲਿਊਐੱਸ ਨੂੰ ਇਸਦੇ ਕਲਾਉਡ ਪ੍ਰਦਾਤਾ ਵਜੋਂ ਚੁਣਿਆ ਹੈ । ਸਟੋਰੇਜ ਗਣਨਾ ਅਤੇ ਡੇਟਾ ਐਨਲਿਟਿਕਸ ਸਮੇਤ ਏਡਬਲਿਊਐੱਸ ਕਲਾਉਡ ਸਮਰੱਥਾਵਾਂ ਦੀ ਚੌੜਾਈ ਅਤੇ ਡੂੰਘਾਈ ਦੀ ਵਰਤੋਂ ਕਰਦੇ ਹੋਏ ਮੈਕਸ ਲਾਈਫ ਨੇ ਨਵੀਆਂ ਬੀਮਾ ਪਾਲਿਸੀਆਂ ਜਾਰੀ ਕਰਨ ਨੂੰ ਸਵੈਚਲਿਤ ਕੀਤਾ ਜਿਸ ਨਾਲ ਕਸਟਮਰ ਘੱਟ ਤੋਂ ਘੱਟ 30 ਮਿੰਟਾਂ ਵਿੱਚ ਬੀਮਾ ਖਰੀਦਣ ਸਕੇ । ਮੈਕਸ ਲਾਈਫ ਦੇ ਡਿਜੀਟਲ ਬਦਲਾਅ ਨੇ ਕਸਟਮਰਸ ਦੀ ਵਫਾਦਾਰੀ ਅਤੇ ਏਜੰਟ ਉਤਪਾਦਕਤਾ ਨੂੰ ਪਾਜਿਟਿਵਲੀ ਪ੍ਰਭਾਵਿਤ ਕੀਤਾ ਹੈ । ਏਜੰਟ ਉਤਪਾਦਕਤਾ ਵਿੱਚ 40% ਤੱਕ ਦਾ ਵਾਧਾ ਹੋਇਆ ਹੈ । ਇਸ ਦੇ ਨਾਲ ਹੀ ਮੈਕਸ ਲਾਈਫ ਦੇ ਕਲਾਉਡ ਫੁੱਟਪਿ?ਟ ਨੂੰ 18% ਤੋਂ ਵਧਾਕੇ 40% ਤੱਕ ਕਰਨ ਨਾਲ ਕੰਪਨੀ ਦੇ ਬੁਨਿਆਦੀ ਢਾਂਚੇ ਦੀ ਲਚਕਤਾ ਨੂੰ ਬਿਹਤਰ ਬਣਾਉਣ ਵਿੱਚ ਮਦਦ ਮਿਲੀ ਹੈ ਜਿਹੜਾ ਹੁਣ ਨਵੇਂ ਬੀਮਾ ਪ੍ਰਡੇਕਟ ਲਾਂਚ ਦੇ ਦੌਰਾਨ ਕਾਰੋਬਾਰੀ ਸਪਾਈਕ ਦਾ ਆਸਾਨੀ ਨਾਲ ਸਹਿਯੋਗ ਕਰ ਸਕਦਾ ਹੈ । ਏਡਬਲਿਊਐੱਸ ਦੇ ਨਾਲ ਮੈਕਸ ਲਾਈਫ ਦੇ ਕਸਟਮਰਸ ਨੂੰ ਔਨਲਾਈਨ ਪ੍ਰੀਮੀਅਮ ਭੁਗਤਾਨ ਵਿਕਲਪਾਂ ਵਰਗੀਆਂ ਡਿਜੀਟਲ ਸਰਵਿਸਾਂ ਦੇ ਨਾਲ ਇੱਕ ਤੇਜ ਫਿ?ਕਸ਼ਨਲੇਸ ਰਹਿਤ ਬੀਮਾ ਅਨੁਭਵ ਮਿਲਦਾ ਹੈ ।

ਭਾਰਤੀ ਕਸਟਮਰ ਤੇਜੀ ਨਾਲ ਡਿਜੀਟਲ ਚੈਨਲਾਂ ਦੇ ਰਾਹੀਂ ਕੰਪਨੀਆਂ ਨਾਲ ਇੰਟਰੈਕਟ ਕਰਦੇ ਹਨ ਅਤੇ ਉਹ ਸਵੈਚਲਿਤ ਦਾਅਵਿਆਂ ਅਤੇ ਡਿਲੀਵਰੀ ਵਰਗੀਆਂ ਤੇਜ ਅਤੇ ਵਾਧੂ ਵਿਅਕਤੀਗਤ ਸਰਵਿਸਾਂ ਦੀ ਆਸ ਕਰਦੇ ਹਨ । ਇਸ ਮੰਗ ਨੂੰ ਪੂਰਾ ਕਰਨ ਲਈ ਮੈਕਸ ਲਾਈਫ ਸਰਵਰ ਰਹਿਤ ਕੰਪਿਊਟ ਸਰਵਿਸ ਏਡਬਲਿਊਐੱਸ ਲਾਂਬਡਾ ਅਤੇ ਐਮਾਜਾਨ ਇਲਾਸਟਿਕ ਕੰਪਿਊਟ ਕਲਾਉਡ (ਐਮਾਜਾਨ 2) ਦੀ ਵਰਤੋਂ ਕਰਦਾ ਹੈ ਜਿਹੜਾ ਕਲਾਉਡ ਵਿੱਚ ਸੁਰੱਖਿਅਤ ਮੁੜ ਆਕਾਰ ਬਦਲਣ ਯੋਗ ਕੰਪਿਊਟ ਸਮਰੱਥਾਵਾਂ ਪ੍ਰਦਾਨ ਕਰਦੇ ਹਨ ਤਾਂ ਜੋ ਪੀਕ ਪੀਰੀਅਡਾਂ ਦੌਰਾਨ ਕਸਟਮਰਸ ਨੂੰ ਬਿਹਤਰ ਸਹਿਯੋਗ ਦੇਣ ਲਈ ਵਰਕਫਲੋ ਨੂੰ ਆਪਣੇ ਆਪ ਸਕੇਲ ਕੀਤਾ ਜਾ ਸਕੇ । ਐਮਾਜਾਨ ਸਿੰਪਲ ਸਟੋਰੇਜ ਸਰਵਿਸ (ਐਮਾਜਾਨ 3) ਇੱਕ ਆਬਜੈਕਟ ਸਟੋਰੇਜ ਸਰਵਿਸ ਦੀ ਵਰਤੋਂ ਕਰਦੇ ਹੋਏ ਮੈਕਸ ਲਾਈਫ ਨੇ ਇੱਕ ਡਾਟਾ ਲੇਕ ਬਣਾਈ ਹੈ ਜੋ ਕੇਂਦਰੀ ਤੌਰ @ਤੇ ਕੰਪਨੀ ਦੇ ਸਟ੍ਰਕਚਰਡ ਅਤੇ ਅਨਸਟ੍ਰਕਚਰਡ ਡੇਟਾ ਨੂੰ ਪੈਮਾਨੇ @ਤੇ ਸਟੋਰ ਕਰਦੀ ਹੈ । ਇਹ ਲੇਕ ਮੈਕਸ ਲਾਈਫ ਨੂੰ ਬਿਹਤਰ ਖੋਜ ਕਰਨ ਅਤੇ ਨਵੀਆਂ ਕਸਟਮਰ ਸਰਵਿਸਾਂ ਦਾ ਵਿਕਾਸ ਕਰਨ ਵਿੱਚ ਮਦਦ ਕਰਦੀ ਹੈ ਅਤੇ ਇਹ ਸੰਚਾਲਨ ਕੁਸਲਤਾਵਾਂ ਨੂੰ ਵਧਾਉਂਦੀ ਹੈ ਜਿਸ ਨਾਲ ਕਸਟਮਰਸ ਦੇ ਆਪਸੀ ਇੰਟਰੈਕਸ਼ਨ ਵਿੱਚ ਸੁਧਾਰ ਹੁੰਦਾ ਹੈ । ਏਡਬਲਿਊਐੱਸ ਗਲੂ ਇੱਕ ਸਰਵਰ ਰਹਿਤ ਡੇਟਾ ਇੰਟਗ੍ਰੇਸ਼ਨ ਸਰਵਿਸ ਮੈਕਸ ਲਾਈਫ ਨੂੰ ਨਿਜੀ ਕਸਟਮਰ ਅਨੁਭਵ ਪ੍ਰਦਾਨ ਕਰਨ ਲਈ ਇੱਕ 360-ਡਿਗਰੀ ਕਸਟਮਰ ਵਿਯੂ ਲਈ ਲੇਕ ਵਿੱਚ ਸਟੋਰ ਕੀਤੇ ਅਗਿਆਤ ਕਸਟਮਰ ਡੇਟਾ ਨੂੰ ਇਕੱਠਾ ਕਰਦੀ ਹੈ ਅਤੇ ਵਿਸਲੇਸਣ ਕਰਦੀ ਹੈ ਜਿਵੇਂ ਕਿ ਘੱਟ ਪ੍ਰੀਮੀਅਮਾਂ @ਤੇ ਖਾਸ ਕਵਰੇਜ । ਮੈਕਸ ਲਾਈਫ ਦੇ ਨਿਰਦੇਸਕ ਅਤੇ ਮੁੱਖ ਸੰਚਾਲਨ ਅਧਿਕਾਰੀ ਮਨੁ ਲਵਣਿਆ ਨੇ ਕਿਹਾ "ਜੀਵਨ ਬੀਮਾ ਉਦਯੋਗ ਇੱਕ ਮਹੱਤਵਪੂਰਨ ਡਿਜੀਟਲ ਪਰਿਵਰਤਨ ਦੇ ਦੌਰ ਤੋਂ ਗੁਜਰ ਰਿਹਾ ਹੈ ਜੋ ਕਾਰੋਬਾਰ ਨੂੰ ਬੇਹਦ ਚੁਸਤ ਅਤੇ ਲਚਕਦਾਰ ਬਣਾਉਣ ਦੀ ਲੋੜ ਤੋਂ ਪ੍ਰੇਰਿਤ ਹਨ । ਏਡਬਲਿਊਐੱਸ ਨੂੰ ਅਪਣਾ ਕੇ ਮੈਕਸ ਲਾਈਫ ਨੇ ਇਸ ਬਦਲਾਅ ਦਾ ਸਹਿਯੋਗ ਦੇਣ ਲਈ ਇੱਕ ਆਧੁਨਿਕ ਭਵਿੱਖ ਦੇ ਲਈ ਤਿਆਰ ਡਿਜੀਟਲ ਬੁਨਿਆਦੀ ਢਾਂਚਾ ਤਿਆਰ ਕੀਤਾ ਹੈ । ਏਡਬਲਿਊਐੱਸ ਦੀਆਂ ਅਡਵਾਂਸ ਕਲਾਉਡ ਸਮਰੱਥਾਵਾਂ ਅਤੇ ਕਲਾਉਡ ਦਾ ਇਨੈਬਲ ਸਾਨੂੰ ਬੇਸਟ-ਇਨ-ਕਲਾਸ ਕਸਟਮਰ ਅਨੁਭਵ ਪ੍ਰਦਾਨ ਕਰਨ ਲਈ ਤੇਜ ਰਫਤਾਰ ਨਾਲ ਪ੍ਰਯੋਗ ਅਤੇ ਇਨੋਵੈਟ ਕਰ ਸਕਦਾ ਹੈ । ਏਡਬਲਿਊਐੱਸ ਇੰਡੀਆ ਅਤੇ ਸਾਊਥ ਏਸੀਆ ਏਆਈਐੱਸਪੀਐੱਲ ਵਿੱਚ ਵਪਾਰਕ ਕਾਰੋਬਾਰ ਦੇ ਪ੍ਰੇਜਿਡੇਂਟ ਪੁਨੀਤ ਚੰਦਹੋਕ ਨੇ ਕਿਹਾ "ਮੈਕਸ ਲਾਈਫ ਬੀਮੇ ਨੂੰ ਵਧੇਰੇ ਇੰਟੇਲੀਜੇਂਟ ਅਤੇ ਗਾਹਕ-ਕੇਂਦ੍ਰਿ ਬਣਾਉਣ ਲਈ ਏਡਬਲਿਊਐੱਸ ਸਰਵਿਸਾਂ ਦੇ ਇੱਕ ਵਿਆਪਕ ਸੂਟ ਦੀ ਵਰਤੋਂ ਕਰ ਰਹੀ ਹੈ । "ਕਸਟਮਰਸ ਲਈ ਬੀਮਾ ਪ੍ਰਕਿਰਿਆ ਨੂੰ ਸਵੈਚਲਿਤ ਕਰਕੇ ਮੈਕਸ ਲਾਈਫ ਬੀਮਾ ਨੂੰ ਸਰਲ ਅਤੇ ਖਰੀਦਣ ਵਿੱਚ ਆਸਾਨ ਬਣਾ ਰਿਹਾ ਹੈ । ਏਡਬਲਿਊਐੱਸ ਦੀ ਮਾਪਯੋਗਤਾ ਅਤੇ ਅਜਿਲਿਟੀ ਨਾਲ ਮੈਕਸ ਲਾਈਫ ਪੂਰੇ ਭਾਰਤ ਵਿੱਚ ਕਸਟਮਰਸ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਬੀਮੇ ਨੂੰ ਇਨੋਵੇਟਿਵ ਪ੍ਰੌਡੇਕਟ ਅਤੇ ਸਰਵਿਸਾਂ ਦੀ ਇੱਕ ਨਵੀਂ ਪੀੜ੍ਹੀ ਵਿੱਚ ਲੈ ਜਾ ਰਿਹਾ ਹੈ ।"

# ਚਰਨ ਕੌਰ ਜੌਹਲ ਨੂੰ ਕੀਤੇ ਸ਼ਰਧਾ ਦੇ ਫੁੱਲ ਭੇਟ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਪਿੰਡ ਵਡਾਲਾ ਜੌਹਲ ਦੇ ਵਸਨੀਕ ਦਲਜੀਤ ਸਿੰਘ , ਆਪ ਆਗੂ ਅਵਤਾਰ ਸਿੰਘ ਫ਼ੌਜੀ, ਏਐਸਆਈ ਭੁਪਿੰਦਰ ਸਿੰਘ, ਪੱਤਰਕਾਰ ਦਲੇਰ ਸਿੰਘ ਜੌਹਲ ਤੇ ਸੁਰਜੀਤ ਸਿੰਘ ਦੇ ਮਾਤਾ ਚਰਨ ਕੌਰ ਕੁਝ ਦਿਨ ਪਹਿਲਾਂ ਆਪਣੇ ਸਵਾਸਾਂ ਦੀ ਪੂੰਜੀ ਭੋਗ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ ਮਾਤਾ ਚਰਨ ਕੌਰ ਦੀ ਅੰਤਿਮ ਅਰਦਾਸ ਤੇ ਆਖੰਡ ਪਾਠ ਸਾਹਿਬ ਦੇ ਭੋਗ ਪਿੰਡ ਵਡਾਲਾ ਜੌਹਲ ਦੇ ਗੁਰਦੁਆਰਾ ਬਾਬਾ ਸੋਮ ਦਾਸ ਪਾਏ ਗਏ

ਇਸ ਮੌਕੇ ਤੇ ਭਾਈ ਗੁਰਿੰਦਰ ਸਿੰਘ, ਭਾਈ ਭੁਪਿੰਦਰ ਸਿੰਘ ਦੇ ਕੀਰਤਨੀ ਜਥੇ ਨੇ ਵੈਰਾਗਮਈ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਇਸ ਦੁੱਖ ਦੀ ਘੜੀ ਵਿੱਚ ਤੇ ਹਲਕਾ ਜੰਡਿਆਲਾ ਗੁਰੂ ਦੇ ਵਿਧਾਇਕ ਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ, ਐਮਪੀ ਗੁਰਜੀਤ ਸਿੰਘ ਔਜਲਾ ਦੇ ਮਾਤਾ ਜਗੀਰ ਕੌਰ, ਐੱਸਡੀਐੱਮ ਜਗਦੀਸ਼ ਸਿੰਘ ਜੌਹਲ, ਐੱਸਡੀਐੱਮ ਗੁਰਵਿੰਦਰ ਸਿੰਘ ਵਡਾਲਾ ਜੌਹਲ, ਐਸਐਮਓ ਮਾਨਾਂਵਾਲਾ ਡਾਕਟਰ ਸੁਮੀਤ ਸਿੰਘ, ਖੇਤੀਬਾੜੀ ਅਫ਼ਸਰ ਡਾਕਟਰ ਰੁਮਿੰਦਰ ਸਿੰਘ ਧੰਜੂ, ਜਥੇਦਾਰ ਬਲਵੰਤ ਸਿੰਘ ਪੰਡੋਰੀ, ਸਾਬਕਾ ਐਸਡੀਓ ਬਲਵੰਤ ਸਿੰਘ ਤੀਰਥਪੁਰਾ, ਲਖਬੀਰ ਸਿੰਘ ਨਿਜ਼ਾਮਪੁਰ, ਇੰਜੀ. ਬਲਜੀਤ ਸਿੰਘ ਜੰਮੂ ਐਮਬੀਐਸ ਰਿਜੋਰਟ ਵਾਲੇ, ਜਥੇਦਾਰ ਛਨਾਖ ਸਿੰਘ, ਜਥੇਦਾਰ ਭੁਪਿੰਦਰ ਸਿੰਘ ਭੋਲਾ, ਭਾਈ ਗੁਰਭਿੰਦਰ ਸਿੰਘ, ਬਚਿੱਤਰ ਸਿੰਘ ਜੌਹਲ, ਪੀ.ਐਸ.ਓ. ਸੁਖਵਿੰਦਰ ਸਿੰਘ ਕਲੇਰ, ਹਰਪ੍ਰੀਤ ਸਿੰਘ ਹੁੰਦਲ, ਥਾਣੇਦਾਰ ਬਖਸ਼ੀਸ਼ ਸਿੰਘ, ਸੁਖਦੇਵ ਸਿੰਘ ਸਰਜਾ, ਸਵਰਨ ਸਿੰਘ ਗਹਿਰੀ ਮੰਡੀ, ਵਿਜੇ ਕੁਮਾਰ, ਸਰਪੰਚ ਤਰਸੇਮ ਸਿੰਘ ਨੰਗਲ ਦਿਆਲ ਸਿੰਘ, ਗੁਰਮੇਜ਼ ਸਿੰਘ ਮੱਖਣਵਿੰਡੀ, ਹਰਜੀਤ ਸਿੰਘ ਨਿਜ਼ਾਮਪੁਰ, ਆਪ ਆਗੂ ਸਰਬਜੀਤ ਸਿੰਘ ਡਿੰਪੀ, ਆਪ ਆਗੂ ਨਰੇਸ਼ ਪਾਠਕ, ਹਰਭਾਲ ਕੌਰ ਗਹਿਰੀ ਮੰਡੀ, ਮਨਬੀਰ ਸਿੰਘ ਸੋਹਲ, ਕਲਾਕਾਰ ਦੇਵ ਜੌਹਲ, ਏਐਸਆਈ ਸੁਖਦੇਵ ਸਿੰਘ ਕਲੇਰ, ਪਰਵਿੰਦਰ ਸਿੰਘ ਮਲਕ, ਰਣਜੀਤ ਸਿੰਘ ਰਾਣਾ, ਪ੍ਰਤਾਪ ਸਿੰਘ ਛੀਨਾ, ਚਰਨਜੀਤ ਸਿੰਘ ਮੱਖਣਵਿੰਡੀ, ਬਚਿੱਤਰ ਸਿੰਘ ਦੋਧੀ, ਗੁਰਦੀਪ ਸਿੰਘ ਮੱਖਣਵਿੰਡੀ, ਬਲਜੀਤ ਸਿੰਘ, ਕੰਵਲਜੀਤ ਸਿੰਘ ਡਡਵਾਲ, ਉਪਿੰਦਰਜੀਤ ਸਿੰਘ ਗਿੱਲ, ਪੱਤਰਕਾਰ ਭਾਈਚਾਰੇ ਦੇ ਸਾਰੇ ਹੀ ਸਾਥੀਆਂ ਤੇ ਇਲਾਕੇ ਦੀਆਂ ਕਈ ਨਾਮਵਰ ਸ਼ਖਸੀਅਤਾਂ ਨੇ ਮਾਤਾ ਚਰਨ ਕੌਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

# ਐਜੂਕੇਸ਼ਨ ਬਲਾਕ ਮਜੀਠਾ -2 ਦੇ ਅਲੱਗ ਅਲੱਗ ਸਕੂਲਾਂ ਵੱਲੋਂ ਲਗਾਏ ਗਏ ਸਮਰ ਕੈਂਪ

**ਅੰਮ੍ਰਿਤਸਰ/ਰਾਜਾ ਕੋਟਲੀ**

ਬਲਾਕ ਮਜੀਠਾ -2 ਦੇ ਅਲੱਗ ਅਲੱਗ ਮਿਡਲ, ਹਾਈ ਅਤੇ ਸੈਕੰਡਰੀ ਸਕੂਲਾਂ ਵੱਲੋਂ ਬੱਚਿਆਂ ਦੇ ਸਮਰ ਕੈਂਪ ਲਗਾਏ ਗਏ ਇਸ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਦੇਂਦੇ ਹੋਏ ਅੰਗਰੇਜੀ ਅਤੇ ਸਮਾਜਿਕ ਸਿੱਖਿਆ ਦੇ ਬਲਾਕ ਮੈਂਟਰ ਸ.ਬਲਜੀਤ ਸਿੰਘ ਨੇ ਦੱਸਿਆ ਕਿ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਵਿਭਾਗੀ ਹਦਾਇਤਾਂ ਅਨੁਸਾਰ ਜਿਲ੍ਹਾ ਸਿੱਖਿਆ ਅਫ਼ਸਰ(ਸੈ. ਸਿੱ) ਸ.ਜੁਗਰਾਜ ਸਿੰਘ ਰੰਧਾਵਾ ਅਤੇ ਅੰਗਰੇਜੀ ਸਮਾਜਿਕ ਸਿੱਖਿਆ ਦੀ ਜਿਲ੍ਹਾ ਮੈਂਟਰ ਸ਼੍ਰੀਮਤੀ ਜਸਵਿੰਦਰ ਕੌਰ ਦੀ ਯੋਗ ਅਗਵਾਈ ਵਿੱਚ ਅਲੱਗ ਅਲੱਗ ਸਕੂਲਾਂ ਵੱਲੋਂ ਇਹ ਕੈਂਪ 1ਜੂਨ,2022 ਤੋਂ 9 ਜੂਨ,2022 ਤੱਕ ਲਗਾਏ ਗਏ ਇਹਨਾਂ ਕੈਂਪਾ ਵਿੱਚ ਵਿਦਿਆਰਥੀਆਂ ਨੇ ਪੋਸਟਰ ਮੇਕਿੰਗ,ਪੇਂਟਿੰਗ, ਡਰਾਇੰਗ, ਕੁਕਿੰਗ,ਡਾਂਸ, ਸਕਰੈਪ ਬੁੱਕ ਮੇਕਿੰਗ,ਯੋਗਾ, ਖੇਡਾਂ,ਮਹਿੰਦੀ ਮੁਕਾਬਲੇ,ਬੈਸਟ ਆਊਟ ਆਫ ਵੇਸਟ ਮਟੀਰੀਅਲ ,ਡੈਕੋਰੇਸ਼ਨ, ਆਈ ਐਮ ਦੀ ਬੈਸਟ ਆਦਿ ਗਤੀਵਿਧੀਆਂ ਵਿੱਚ ਬੜੇ ਉਤਸ਼ਾਹ ਨਾਲ ਭਾਗ ਲਿਆ ਬੱਚਿਆਂ ਨੇ 5 ਜੂਨ ਨੂੰ ਵਿਸ਼ਵ ਵਾਤਾਵਰਨ ਦਿਵਸ ਮੌਕੇ ਰੁੱਖ ਲਗਾ ਕੇ ਸਮਾਜ ਨੂੰ ਵਾਤਾਵਰਨ ਸਾਂਭ ਸੰਭਾਲ ਸਬੰਧੀ ਸੰਦੇਸ਼ ਦੇਂਦੇ ਹੋਏ ਸੇਧ ਦੇਣ ਦਾ ਕੰਮ ਕੀਤਾ ਸਮਰ ਕੈਂਪ ਲਗਾਉਣ ਵਾਲੇ ਸਕੂਲਾਂ ਵਿੱਚ ਹਾਈ ਸਕੂਲ ਅਬਦਾਲ,ਗੋਪਾਲਪੁਰ,ਸੈਕੰਡਰੀ ਸਕੂਲ ਕੱਥੂਨੰਗਲ, ਕੋਟਲੀ ਮੱਲੀਆਂ, ਅਜਾਇਬਵਾਲੀ, ਚਵਿੰਡਾ ਦੇਵੀ,ਮਿਡਲ ਸਕੂਲ ਡੱਡੀਆਂ,ਪਤਾਲਪੁਰੀ,ਰੂਪੋਵਾਲੀ ਖੁਰਦ,ਬੇਗੇਵਾਲ,ਕੱਥੂਨੰਗਲ ਮੁੰਡੇ, ਰਾਮਦਿਵਾਲੀ ਹਿੰਦੂਆਂ, ਮੀਆਂ ਪੰਧੇਰ, ਕਲੇਰ ਮਾਂਗਟ ਮੁੱਖ ਰੂਪ ਵਿੱਚ ਸ਼ਾਮਿਲ ਰਹੇ

# ਜਲਦੀ ਹੀ ਨਵੀਂ ਵਾਰਡਬੰਦੀ ਪਾਰਦਰਸ਼ੀ ਢੰਗ ਨਾਲ ਕਰਵਾਈ ਜਾਵੇਗੀ : ਕੁਲਦੀਪ ਪਾਠਕ ਸੀਨੀਅਰ ਆਗੂ ਆਪ

**ਕਪੂਰਥਲਾ/ਲੋਕ ਬਾਣੀ**



ਨਗਰ ਪੰਚਾਇਤਾਂ ਦੀਆਂ ਚੋਣਾਂ ਨੂੰ ਮੁੱਖ ਰੱਖਦੇ ਹੋਏ ਜਲਦੀ ਹੀ ਨਵੀਂ ਵਾਰਡਬੰਦੀ ਪਾਰਦਰਸ਼ੀ ਢੰਗ ਨਾਲ ਕਰਵਾਈ ਜਾਵੇਗੀ,ਇਹਨਾ ਵਿਚਾਰਾਂ ਦਾ ਪ੍ਰਗਟਾਵਾ ਅੱਜ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਜ਼ਿਲਾ ਸੰਯੁਕਤ ਸਕੱਤਰ ਕੁਲਦੀਪ ਪਾਠਕ ਨੇ ਪੱਤਰਕਾਰਾਂ ਨਾਲ ਕੀਤਾ। ਉਹਨਾ ਦੱਸਿਆ ਕਿ ਅਗਲੇ ਸਾਲ ਦੇ ਸ਼ੁਰੂ ਵਿੱਚ ਹਲਕਾ ਭੁਲੱਥ ਦੇ ਚਾਰਾਂ ਕਸਬਿਆਂ ਢਿਲਵਾਂ ,ਨਡਾਲਾ, ਭੁਲੱਥ, ਬੇਗਵਾਲ ਵਿੱਚ ਨਗਰ ਪੰਚਾਇਤ ਦੀਆਂ ਚੋਣਾ ਹੋਣ ਜਾ ਰਹੀਆਂ ਹਨ। ਇਹਨਾ ਚਾਰਾਂ ਕਸਬਿਆਂ ਵਿੱਚ ਰਣਜੀਤ ਸਿੰਘ ਰਾਣਾ ਹਲਕਾ ਇੰਚਾਰਜ ਭੁਲੱਥ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਚੋਣਾਂ ਲੜੇਗੀ। ਆਮ ਆਦਮੀ ਪਾਰਟੀ ਪੜੇ ਲਿਖੇ ਅਤੇ ਇਮਾਨਦਾਰ ਸ਼ਵੀ ਵਾਲੇ ਵਿਅਕਤੀਆਂ ਨੂੰ ਚੋਣ ਮੈਦਾਨ ਵਿੱਚ ਉਤਾਰੇਗੀ। ਵਰਨਣਯੋਗ ਹੈ ਕਿ ਸਮੇ ਦੀਆਂ ਪਿਛਲੀਆਂ ਸ਼ਰਕਾਰਾਂ ਵੱਲੋਂ ਆਪਣੇ ਢੰਗ ਨਾਲ ਕੀਤੀ ਗਈ ਵਾਰਡਬੰਦੀ ਗਲਤ ਸੀ, ਹੁਣ ਪਾਰਦਰਸ਼ੀ ਢੰਗ ਨਾਲ ਵਾਰਡਬੰਦੀ ਹੋਵੇਗੀ। ਇਸ ਮੌਕੇ ਵਿੱਕੀ ਭੰਮਰਾ, ਸੁਨੀਲ ਚੌਹਾਨ ਬਲਾਕ ਪ੍ਰਧਾਨ, ਰਵੀ, ਮਲਕੀਤ ,ਕਿੰਦਰ ਢਿਲਵਾਂ ਆਦਿ ਹਾਜਿਰ ਸਨ।


ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਦਲ ਬਦਲੂ ਆਪਣੇ ਆਪ ਨੂੰ ਵੱਡੇ ਕਹਾਉਣ ਵਾਲੇ ਕਾਂਗਰਸੀ ਲੀਡਰ ! ਕੀ ਲੋਕਾਂ ਨੂੰ ਮੂਰਖ ਸਮਝਦੇ ਨੇ ?- ਐਡਵੋਕੇਟ ਗੋਲਡ ਮੈਡਲਿਸਟ

**ਸ਼ੇਰਪੁਰ/ਯਾਦਵਿੰਦਰ ਸਿੰਘ ਮਾਹੀ**

ਕੁੱਝ ਮਹੀਨੇ ਪਹਿਲਾ ਹੀ ਕਿਸਾਨੀ ਸੰਘਰਸ ਸਮੇਂ ਜਿਹੜੇ ਲੀਡਰ ਬੀ.ਜੇ.ਪੀ ਬਾਰੇ ਉੱਚੀਆ ਬਾਂਹਾ ਕਰ-ਕਰ ਕੇ ਕਹਿੰਦੇ ਸੀ ਕਿ ਇਹ ਅੰਬਾਨੀਆ, ਅਡਾਨੀਆ ਅਤੇ ਕਾਰਪੋਰੇਟ ਘਰਾਣਿਆ ਦੀ ਪਾਰਟੀ ਹੈ ਜਿਸਨੇ ਇੰਨਾ ਨੂੰ ਲਾਭ ਪਹੁੰਚਾਉਣ ਲਈ ਭਾਰਤ ਦੀ ਵੱਡੇ ਪੱਧਰ ਉੱਤੇ ਲੁੱਟ ਕਰਵਾਈ ਹੈ, ਸਿਖਰਾਂ ਤੇ ਮਹਿੰਗਾਈ ਕੀਤੀ ਹੈ, ਭਾਰਤ ਦੇ ਸਾਰੇ ਸੰਵਿਧਾਨਕ ਅਦਾਰਿਆ ਨੂੰ ਤਹਿਸ ਨਹਿਸ ਕੀਤਾ ਹੈ ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਐਡਵੋਕੇਟ ਰਮੇਸ਼ ਕੁਮਾਰ ਗੁਪਤਾ ਸ਼ੇਰਪੁਰ ਗੋਲਡ ਮੈਡਲਿਸਟ ਪੰਜਾਬ ਹਰਿਆਣਾ ਹਾਈਕੋਰਟ ਚੰਡੀਗੜ੍ਹ ਨੇ ਕੀਤਾ ਅਤੇ ਕਿਹਾ ਸੀ.ਬੀ.ਆਈ, ਈ.ਡੀ, ਐਨ.ਆਈ.ਏ ਅਤੇ ਹੋਰ ਅਦਾਰਿਆ ਦੀ ਵਿਰੋਧੀਆ ਖਿਲਾਫ ਰੱਜ ਕੇ ਦੁਰਵਰਤੋਂ ਕੀਤੀ ਤੇ ਕਿਸ਼ਾਨਾ ਦੀਆਂ ਜਮੀਨਾ ਅਤੇ ਫਸਲਾ ਉੱਤੇ ਅਡਾਨੀਆਂ-ਅੰਬਨੀਆ ਅਤੇ ਕਾਰਪੋਰੇਟ ਘਰਾਣਿਆ ਦਾ ਕਬਜਾ ਕਰਵਾਉਣ ਲਈ ਹੀ ਕਿਸ਼ਾਨੀ ਬਿਲ ਪਾਸ ਕੀਤੇ ਗਏ ਸਨ ਉਨ੍ਹਾਂ ਕਿਹਾ ਇਸ ਤੋ ਇਲਾਵਾ ਤੇਲਾ ਅਤੇ ਗੈਸ ਦੇ ਰੇਟ ਤਕਰੀਬਨ ਦੋਗੁਣੇ ਕੀਤੇ ਗਏ ਪ੍ਰੰਤੂ ਕੁੱਝ ਦਿਨ ਪਹਿਲਾ ਹੀ ਉਹੀ ਲੀਡਰ ਬੇਸਰਮੀ ਨਾਲ ਬੀ.ਜੇ.ਪੀ ਦੇ ਵਿੱਚ ਸਾਮਲ ਹੋ ਕੇ ਬੀ.ਜੇ.ਪੀ ਲੀਡਰਾਂ ਤੋ ਸਿਰੋਪਾਓ ਕੇ ਫਖਰ ਨਾਲ ਮੀਡੀਆ ਵਿੱਚ ਤਸਵੀਰਾਂ ਖਿਚਵਾਉਦੇ ਨਜਰ ਆ ਰਹੇ ਹਨ ਅਤੇ ਹੁਣ ਇਸ ਪਾਰਟੀ ਦੀਆ ਸਿਫਤਾ ਕਰਦੇ ਨਹੀ ਥੱਕਦੇ, ਹੁਣ ਉਕਤ ਦਲ ਬਦਲੂ ਆਪਣੇ ਆਪ ਨੂੰ ਵੱਡੇ ਕਹਾਉਣ ਵਾਲੇ ਕਾਂਗਰਸੀ ਲੀਡਰਾਂ ਤੋਂ ਸਵਾਲ ਇਹ ਪੁੱਛੇ ਜਾਣੇ ਬਣਦੇ ਹਨ ਕਿ :- ਕੀ ਬੀ.ਜੇ.ਪੀ ਪਾਰਟੀ ਦੀ ਨੀਅਤ, ਨੀਤੀ ਹੁਣ ਬਦਲ ਗਈ ਹੈ ? ਕੀ ਮਹਿੰਗਾਈ ਘਟ ਗਈ ਹੈ ? ਕੀ ਸਾਰੇ ਸੰਵਿਧਾਨਕ ਅਦਾਰੇ ਅਜਾਦ ਹੋ ਗਏ ਹਨ ? ਕੀ ਉਕਤ ਪਾਰਟੀ ਵੱਲੋ ਹਰ ਨਾਗਰਿਕ ਦੇ ਖਾਤੇ ਵਿੱਚ 15-15 ਲੱਖ ਰੁਪਏ ਆ ਗਏ ਹਨ ? ਕੀ 5 ਹਜਾਰ ਕਰੋੜ ਵਾਲਾ ਰਫਾਲ ਜਹਾਜ ਜੋ 15 ਸੋ ਕਰੋੜ ਰੁਪਏ ਦਾ ਖਰੀਦਿਆ ਗਿਆ ਸੀ ਹੁਣ ਫਿਰ ਤੋ 5 ਸੋ ਕਰੋੜ ਰੁਪਏ ਦਾ ਖਰਿਦਿਆ ਜਾਣ ਲੱਗਿਆ ਹੈ ? ਕੀ ਪਬਲਿਕ ਦੇ ਅੱਛੇ ਦਿਨ ਆ ਗਏ ਹਨ ? ਪ੍ਰੰਤੂ ਜਦੋ ਉਕਤ ਸਵਾਲਾ ਦੇ ਜਵਾਬ ਨਾਂਹ ਵਿੱਚ ਮਿਲਦੇ ਹਨ ਤਾ ਇੰਝ ਲੱਗਦਾ ਹੈ ਕਿ ਉਕਤ ਦਲ ਬਦਲਣ ਵਾਲੇ ਲੀਡਰ ਪਬਲਿਕ ਨੂੰ ਮੂਰਖ ਵ ਅੰਨੀ ਸਮਝਦੇ ਹਨ ? ਜਦਕਿ ਇੰਨਾ ਉਕਤ ਕਿਰਦਾਰ ਦੇਖ ਕੇ ਮਹਿਸੂਸ ਹੁੰਦਾ ਹੈ ਕਿ ਦੇਸ ਦੇ ਪਤਨ ਦਾ ਕਾਰਨ ਇਹ ਦਲ ਬਦਲੋ ਲੀਡਰ ਹੀ ਹਨ ਜਿਨ੍ਹਾਂ ਦਾ ਆਪਣਾ ਕੋਈ ਕਿਰਦਾਰ ਨਹੀਂ ਅਤੇ ਨਾ ਹੀ ਦੇਸ਼ ਪ੍ਰਤੀ ਕੋਈ ਆਪਣੀ ਸੋਚ।



# ਡਿਪਟੀ ਕਮਿਸ਼ਨਰ ਵੱਲੋਂ ਫ਼ੌਜ ਵਿੱਚ ਭਰਤੀ ਹੋਣ ਦੇ ਚਾਹਵਾਨਾਂ ਦੀ ਹੌਸਲਾ ਅਫ਼ਜ਼ਾਈ




ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਅੱਜ ਸਥਾਨਕ ਰਾਹੋਂ ਰੋਡ 'ਤੇ ਨਹਿਰੀ ਵਿਸ਼ਰਾਮ ਘਰ ਕੰਪਲੈਕਸ ਵਿੱਚ ਚਲਾਏ ਜਾ ਰਹੇ ਸੀ-ਪਾਈਟ ਕੈਂਪ ਦਾ ਦੌਰਾ ਕੀਤਾ ਉਨ੍ਹਾਂ ਇਸ ਮੌਕੇ ਭਰਤੀ ਹੋਣ ਦੇ ਚਾਹਵਾਨਾਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਆਪਣੇ ਨਿਸ਼ਾਨੇ ਨੂੰ ਕੇਵਲ ਸਿਪਾਹੀ ਪੱਧਰ ਦੀ ਭਰਤੀ ਤੱਕ ਸੀਮਿਤ ਰੱਖਣ ਦੀ ਬਜਾਏ ਹੋਰ ਉੱਚੀਆਂ ਪਦਵੀਆਂ 'ਤੇ ਵੀ ਰੱਖਣਾ ਚਾਹੀਦਾ ਹੈ ਉਨ੍ਹਾਂ ਕਿਹਾ ਕਿ ਆਮ ਤੌਰ 'ਤੇ ਸੀ-ਪਾਈਟ ਕੈਂਪ ਵਿੱਚ ਫੌਜੀ ਭਰਤੀ ਦੀ ਪ੍ਰੀ-ਰਿਕਰੂਟਮੈਂਟ ਸਿਖਲਾਈ ਲਈ 10 ਵੀਂ/12ਵੀਂ ਦੀ ਯੋਗਤਾ ਰੱਖੀ ਜਾਂਦੀ ਹੈ ਪਰੰਤੂ ਨੌਜੁਆਨਾਂ ਨੂੰ ਚਾਹੀਦਾ ਹੈ ਕਿ ਉਹ ਭਰਤੀ ਹੋਣ ਤੋਂ ਬਾਅਦ ਦੀ ਤਰੱਕੀ ਲਈ ਆਪਣੀ ਯੋਗਤਾ ਨੂੰ ਵਧਾਉਂਦੇ ਰਹਿਣ ਉਨ੍ਹਾਂ ਕਿਹਾ ਕਿ ਫੌਜ ਰਾਹੀਂ ਦੇਸ਼ ਸੇਵਾ ਇੱਕ ਪਵਿੱਤਰ ਕਾਰਜ ਹੈ ਅਤੇ ਇਨ੍ਹਾਂ ਕੈਂਪਾਂ ਵਿੱਚ ਆਏ ਨੌਜੁਆਨ ਇਸ ਲਈ ਵਧਾਈ ਦੇ ਪਾਤਰ ਹਨ ਕਿ ਉਹ ਆਪਣੇ ਆਪ ਨੂੰ ਦੇਸ਼ ਸੇਵਾ ਲਈ ਤਿਆਰ ਕਰ ਰਹੇ ਹਨ ਡਿਪਟੀ ਕਮਿਸ਼ਨਰ ਨੇ ਇਸ ਮੌਕੇ ਸਮੁੱਚੇ ਕੈਂਪਸ ਦਾ ਦੌਰਾ ਕਰਕੇ ਗਰਾਊਂਡ, ਰਹਿਣ ਵਾਲੀ ਥਾਂ, ਖਾਣਾ ਮੈਸ ਦਾ ਜਾਇਜ਼ਾ ਲਿਆ ਉਨ੍ਹਾਂ ਇਸ ਮੌਕੇ ਆਖਿਆ ਕਿ ਸੀ-ਪਾਈਟ ਕੈਂਪ ਨੂੰ ਬੁਨਿਆਦੀ ਤੌਰ 'ਤੇ ਹੋਰ ਬੇਹਤਰ ਬਣਾਉਣ ਲਈ ਵਿਸ਼ੇਸ਼ ਯਤਨ ਕੀਤੇ ਜਾਣਗੇ ਉਨ੍ਹਾਂ ਇਸ ਮੌਕੇ ਕੈਂਪ ਇੰਚਾਰਜ ਨਿਰਮਲ ਸਿੰਘ, ਸਿੰਚਾਈ ਵਿਭਾਗ ਦੇ ਐਸ ਡੀ ਓ ਨਵਜੋਤ ਸਿੰਘ ਅਤੇ ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਅਫ਼ਸਰ ਸੰਜੀਵ ਕੁਮਾਰ ਨਾਲ ਮੀਟਿੰਗ ਕਰਕੇ, ਸੀ-ਪਾਈਟ ਕੈਂਪ 'ਚ ਬੁਨਿਆਦੀ ਸਹੂਲਤਾਂ ਨੂੰ ਹੋਰ ਬੇਹਤਰ ਬਣਾਉਣ ਦਾ ਜਾਇਜ਼ਾ ਲਿਆ ਉਨ੍ਹਾਂ ਇਸ ਸਬੰਧੀ ਐਸ ਡੀ ਓ ਨਵਜੋਤ ਸਿੰਘ ਨੂੰ ਅਨੁਮਾਨ ਬਣਾ ਕੇ ਭੇਜਣ ਅਤੇ ਗਰਾਊਂਡ ਦੀ ਪੈਮਾਇਸ਼ ਕਰਵਾਉਣ ਲਈ ਆਖਿਆ ਉਨ੍ਹਾਂ ਨੂੰ ਗਰਾਊਂਡ ਨੂੰ ਦੋ ਹਿੱਸਿਆ 'ਚ ਵੰਡਦੇ ਨਹਿਰੀ ਵਿਭਾਗ ਦੇ ਖਾਲੇ ਨੂੰ ਵੀ ਅੰਡਰ ਗਰਾਊਂਡ ਕਰਨ ਲਈ ਆਖਿਆ ਤਾਂ ਜੋ ਨੌਜੁਆਨਾਂ ਦੇ ਅਭਿਆਸ 'ਚ ਕੋਈ ਵਿਘਨ ਨਾ ਪਵੇ ਇਸ ਮੌਕੇ ਸੀ-ਪਾਈਟ ਇੰਚਾਰਜ ਨਿਰਮਲ ਸਿੰਘ ਨੇ ਦੱਸਿਆ ਕਿ 80 ਨੌਜੁਆਨਾਂ ਦੀ ਸਮਰੱਥਾ ਵਾਲੀ ਇਸ ਸੰਸਥਾ ਵਿੱਚ ਹਾਲੀਆ ਤੌਰ 'ਤੇ 64 ਯੁਵਕ ਸਿਖਲਾਈ ਹਾਸਲ ਕਰ ਰਹੇ ਹਨ, ਜਿਨ੍ਹਾਂ ਨੂੰ ਸਵੇਰੇ 5 ਵਜੇ ਤੋਂ ਅਭਿਆਸ ਸ਼ੁਰੂ ਕਰਵਾਇਆ ਜਾਂਦਾ ਹੈ ਉਨ੍ਹਾਂ ਦੱਸਿਆ ਕਿ ਇੱਥੇ ਸਰੀਰਕ ਟੈਸਟ ਅਤੇ ਲਿਖਤੀ ਟੈਸਟ, ਦੋਵਾਂ ਦੀ ਤਿਆਰੀ ਕਰਵਾਈ ਜਾਂਦੀ ਹੈ ਉਨ੍ਹਾਂ ਦੱਸਿਆ ਕਿ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਤੋਂ ਇਲਾਵਾ ਹੁਸ਼ਿਆਰਪੁਰ ਦੀ ਗੜ੍ਹਸ਼ੰਕਰ ਤਹਿਸੀਲ, ਜ਼ਿਲ੍ਹਾ ਲੁਧਿਆਣਾ ਦੀ ਸਮਰਾਲਾ ਤਹਿਸੀਲ ਦੀ ਮਾਛੀਵਾੜਾ ਸਬ ਤਹਿਸੀਲ ਦੇ ਨੌਜੁਆਨ ਇਸ ਸੈਂਟਰ ਵਿੱਚ ਟ੍ਰੇਨਿੰਗ ਲਈ ਯੋਗ ਹਨ ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਿਤ ਕੁਮਾਰ, ਪਲੇਸਮੈਂਟ ਅਫਸਰ, ਕੁਲਦੀਪ ਸਿੰਘ ਸੀ-ਪਾਈਟ, ਸ਼ੰਮੀ ਠਾਕੁਰ, ਬਲਾਕ ਮਿਸ਼ਨ ਮੈਨੇਜਰ, ਰਾਜ ਕੁਮਾਰ, ਬਲਾਕ ਥੀਮੈਟਿਕ ਐਕਸਪਰਟ (ਸੋਸ਼ਲ ਮੋਬੀਲਾਈਜੇਸ਼ਨ) ਆਦਿ ਵੀ ਮੌਜੂਦ ਸਨ।

# ਯੂ. ਪੀ. ਵਿੱਚ ਸਿੱਖ ਪਰਿਵਾਰਾਂ ਦੇ ਘਰਾਂ ਅਤੇ ਪਵਿੱਤਰ ਲੰਗਰ ਹਾਲ ਵਿੱਚ ਕੀਤੀ ਭੰਨਤੋੜ ਨਿੰਦਣਯੋਗ:- ਸਤਨਾਮ ਸਿੰਘ ਜਲਵਾਹਾ

ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਉੱਪ ਪ੍ਰਧਾਨ ਅਤੇ ਪੰਜਾਬ ਦੇ ਸੀਨੀਅਰ ਬੁਲਾਰੇ ਸਤਨਾਮ ਸਿੰਘ ਜਲਵਾਹਾ ਜੀ ਨੇ ਕਿਹਾ ਹੈ ਕਿ ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ 'ਚ ਰਹਿੰਦੇ ਸਿੱਖ ਪਰਿਵਾਰਾਂ ਦੇ ਘਰਾਂ ਦੀ ਭੰਨਤੋੜ ਅਤੇ ਪਵਿੱਤਰ ਲੰਗਰ ਹਾਲ ਨੂੰ ਢਾਹੁਣ ਦੀਆਂ ਘਟਨਾਵਾਂ ਬੇਹੱਦ ਨਿੰਦਣਯੋਗ ਹਨ ਸਤਨਾਮ ਜਲਵਾਹਾ ਜੀ ਨੇ ਕਿਹਾ ਕਿ ਮੁਰਾਦਾਬਾਦ 'ਚ ਸਿੱਖ ਪਰਿਵਾਰ ਸ਼ਾਂਤੀ ਨਾਲ ਰਹਿ ਰਹੇ ਹਨ ਅਤੇ ਉਨ੍ਹਾਂ ਦੇ ਘਰਾਂ 'ਤੇ ਹਮਲਾ ਕਰਕੇ ਭੰਨਤੋੜ ਕੀਤੀ ਗਈ,ਜੋਕਿ ਬਹੁਤ ਨਿੰਦਣਯੋਗ ਘਟਨਾ ਹੈ ਸਿੱਖ ਪਰਿਵਾਰਾਂ ਦੇ ਘਰਾਂ ਦੀ ਭੰਨਤੋੜ ਤੋਂ ਇਲਾਵਾ ਸ਼ਰਾਰਤੀ ਅਨਸਰਾਂ ਵੱਲੋਂ ਗੁਰੂ ਘਰ ਦੇ ਪਵਿੱਤਰ ਲੰਗਰ ਹਾਲ ਦੀ ਭੰਨਤੋੜ ਕਰਕੇ ਤਣਾਅ ਪੈਦਾ ਕੀਤਾ ਗਿਆ ਉੱਤਰ ਪ੍ਰਦੇਸ਼ ਸਰਕਾਰ ਨੂੰ ਇਸ ਘਟਨਾ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਘੱਟ ਗਿਣਤੀ ਵਿੱਚ ਰਹਿ ਰਹੇ ਮੁਰਾਦਾਬਾਦ ਦੇ ਸਿੱਖ ਪਰਿਵਾਰਾਂ ਨੂੰ ਜ਼ਰੂਰੀ ਸੁਰੱਖਿਆ ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ ਦੋਸ਼ੀਆਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ ਜਿਨ੍ਹਾਂ ਸਿੱਖ ਪਰਿਵਾਰਾਂ ਦਾ ਨੁਕਸਾਨ ਹੋਇਆ ਹੈ, ਨੂੰ ਵੀ ਸੂਬਾ ਸਰਕਾਰ ਵੱਲੋਂ ਬਣਦਾ ਮੁਆਵਜ਼ਾ ਦਿੱਤਾ ਜਾਵੇ ਸੂਬਾ ਸਰਕਾਰ ਨੂੰ ਸਿੱਖ ਪਰਿਵਾਰਾਂ ਵਿੱਚ ਸੁਰੱਖਿਆ ਦੀ ਭਾਵਨਾ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਤਾਂ ਜੋ ਭਵਿੱਖ ਵਿੱਚ ਅਜਿਹੇ ਹਾਲਾਤ ਪੈਦਾ ਨਾ ਹੋਣ।

# ਧੰਦਰਾਲ ਗੋਤ ਦੀ ਸਾਧ ਸੰਗਤ ਵਲੋਂ ਬਾਬਾ ਡਿਓੜੀ ਵਾਲੇ ਜੀ ਦਾ ਪ੍ਰਕਾਸ਼ ਉਤਸਵ ਇੱਕ ਹਾੜ, 15 ਜੂਨ ਨੂੰ ਪਿੰਡ ਪੰਡੋਰੀ ਮਹਿਲ ਕਲਾਂ ਵਿਖੇ ਮਨਾਇਆ ਜਾਵੇਗਾ



**ਬਰਨਾਲਾ/ਕਰਨਪ੍ਰੀਤ ਧੰਦਰਾਲ**

ਧੰਨ ਧੰਨ ਬਾਬਾ ਡਿਓੜੀ ਵਾਲੇ ਜੀ ਦਾ ਪ੍ਰਕਾਸ਼ ਉਤਸਵ ਇੱਕ ਹਾੜ 15 ਜੂਨ ਨੂੰ ਪਿੰਡ ਪੰਡੋਰੀ ਮਹਿਲ ਕਲਾਂ ਵਿਖੇ ਧੰਦਰਾਲ ਗੋਤ ਦੀ ਸਾਧ ਸੰਗਤ ਵਲੋਂ ਨਾਲ ਮਨਾਇਆ ਜਾਵੇਗਾ !ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਿਓੜੀ ਦੇ ਮੁਖ ਸੇਵਾਦਾਰ ਬਾਬਾ ਭਰਪੂਰ ਸਿੰਘ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਡਿਓੜੀ ਪਿੰਡ ਪੰਡੋਰੀ ਮਹਿਲ ਕਲਾਂ ਵਿਖੇ ਸਮੁਚੇ ਧੰਦਰਾਲ ਗੋਤ ਦੀ ਸਮੂਹ ਸਾਧ ਸੰਗਤ ਵਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਜਿਸ ਵਿਚ ਧੰਦਰਾਲ ਗੋਤ ਦੇ ਦੂਰ ਦੁਰਾਡੇ ਤੋਂ ਸੰਗਤਾਂ ਦੇ ਵੱਡੀ ਗਿਣਤੀ ਵਿਚ ਪੁੱਜੇ ਦੀ ਆਸ਼ ਹੈ 1 ਉਹਨਾਂ ਦੱਸਿਆ ਕਿ ਪ੍ਰਕਾਸ਼ ਉਤਸਵ ਨੂੰ ਸਮਰਪਿਤ ਰੱਖੇ ਗਏ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ 15 ਜੂਨ ਨੂੰ ਸਵੇਰੇ ਪਾਏ ਜਾਣਗੇ ਭੋਗ ਉਪਰੰਤ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ ਇਸ ਮੌਕੇ ਧੰਦਰਾਲ ਪਰਿਵਾਰਾਂ ਵਲੋਂ ਸਵਰਗੀ ਗੁਲਜ਼ਾਰ ਸਿੰਘ ,ਕਰਮ ਸਿੰਘ ,ਗੁਰਨਾਮ ਸਿੰਘ ,ਬਾਬਾ ਸੰਤ ਰਾਮ ,ਬੰਤ ਸਿੰਘ ਦੇ ਪਰਿਵਾਰਾਂ ਵਲੋਂ,ਸਵਰਗੀ ਗੁਰਦੇਵ ਸਿੰਘ ,ਜ਼ੋਰਾ ਸਿੰਘ ,ਐਮ ਸੀ ਜਗਰਾਜ ਸਿੰਘ, ਬਾਬੂ ਸਿੰਘ.ਮਿਲਖੀ ਸਿੰਘ, ਗੁਰਚਰਨ ਸਿੰਘ,ਕਰਨਪ੍ਰੀਤ ਸਿੰਘ ,ਜਗਪਾਲ ਸਿੰਘ ਮਾਹਲਾ ਵਲੋਂ ਬਾਬਾ ਭਰਪੂਰ ਸਿੰਘ ਦਾ ਧੰਨਵਾਦ ਕੀਤਾ ਗਿਆ !

# ਮੰਥਨ ਸਮਾਗਮ ਵਿੱਚ ਡਾ: ਵਿਨੋਦ ਸ਼ਰਮਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ

**ਚੰਡੀਗੜ੍ਹ/ਲੋਕ ਬਾਣੀ**



ਸਾਹਿਤਕਾਰਾਂ ਨੂੰ ਸਮਰਪਿਤ ਸੰਸਥਾ ਮੰਥਨ ਵੱਲੋਂ ਕਰਵਾਏ ਗਏ ਕਵੀ ਸੰਮੇਲਨ ਅਤੇ ਇਨਾਮ ਵੰਡ ਸਮਾਰੋਹ ਵਿੱਚ ਪੁੱਜੇ ਸਾਹਿਤਕਾਰ ਡਾ: ਵਿਨੋਦ ਸ਼ਰਮਾ ਦਾ ਅਹੁਦੇਦਾਰਾਂ ਵੱਲੋਂ ਫੁੱਲਾਂ ਅਤੇ ਸ਼ਾਲਾਂ ਦੇ ਕੇ ਨਿੱਘਾ ਸਵਾਗਤ ਕੀਤਾ ਗਿਆ ਸਮਾਗਮ ਦੇ ਵਿਸ਼ੇਸ਼ ਮਹਿਮਾਨ ਡਾ: ਵਿਨੋਦ ਕੁਮਾਰ ਸ਼ਰਮਾ ਸਨ ਉਹ ਸੰਵਾਦ ਸਾਹਿਤ ਮੰਚ ਅਤੇ ਸਾਹਿਤ ਕਲਾ ਮੰਚ ਦੇ ਅਹੁਦੇਦਾਰ ਵੀ ਹਨ ਜ਼ਿਕਰਯੋਗ ਹੈ ਕਿ ਡਾ: ਸ਼ਰਮਾ ਪਿਛਲੇ ਕਈ ਸਾਲਾਂ ਤੋਂ ਕਵਿਤਾ ਲਿਖ ਰਹੇ ਹਨ ਉਸ ਦੀਆਂ ਰਚਨਾਵਾਂ ਕਈ ਰੋਜ਼ਾਨਾ ਅਖ਼ਬਾਰਾਂ ਵਿੱਚ ਛਪਦੀਆਂ ਹਨ, ਜਿਨ੍ਹਾਂ ਦੀ ਪਾਠਕਾਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ ਇੱਥੋਂ ਤੱਕ ਕਿ ਉਹ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੰਚਾਂ @ਤੇ ਵੀ ਆਪਣਾ ਪ੍ਰਦਰਸ਼ਨ ਦਿੰਦੇ ਰਹਿੰਦੇ ਹਨ ਉਨ੍ਹਾਂ ਨੂੰ ਵੱਖ-ਵੱਖ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ ਇਸ ਦਾ ਸਿਹਰਾ ਸਾਹਿਤਕ ਗੁਰੂ ਅਤੇ ਪ੍ਰਸਿੱਧ ਸਾਹਿਤਕਾਰ ਪ੍ਰੇਮ ਵਿੱਜ ਨੂੰ ਜਾਂਦਾ ਹੈ ਉਸ ਸੇਧ ਨਾਲ ਲਿਖਤੀ ਕਾਰਜ ਨੂੰ ਪੁਸਤਕ ਰੂਪ ਵਿਚ ਲਿਆਉਣ ਲਈ ਰਫ਼ਤਾਰ ਦਿੱਤੀ ਜਾ ਰਹੀ ਹੈ।

# 20ਵਾਂ ਸਲਾਨਾ ਜੋੜ ਮੇਲਾ ਅਤੇ ਭੰਡਾਰਾ 16 ਜੂਨ ਦਿਨ ਵੀਰਵਾਰ ਨੂੰ ਕਰਵਾਇਆ ਜਾ ਰਿਹਾ ਹੈ



**ਲੁਧਿਆਣਾ/ਵਰਿੰਦਰ ਪ੍ਰਕਾਸ਼ ਭਾਂਬਰੀ ,ਸੁਖਚੈਨ ਮਹਿਰਾ**

ਲੁਧਿਆਣਾ ਮਹਾਂਨਗਰ ਵਿੱਚ 20ਵਾਂ ਸਲਾਨਾ ਜੋੜ ਮੇਲਾ ਅਤੇ ਭੰਡਾਰਾ ਬਾਬਾ ਸ਼ਾਹ ਮੁਹੰਮਦ ਸ਼ਾਹ ਪੀਰ ਦੇ ਸਥਾਨ ਤੇ 16 ਜੂਨ ਨੂੰ ਦੁਪਿਹਰ 1 ਵਜੇ ਭੰਡਾਰਾ ਲਗਾਇਆ ਜਾਵੇਗਾ ਅਤੇ ਸ਼ਾਮ 7 ਵਜੇ ਤੋ ਲੈ ਕੇ ਬਾਬਾ ਜੀ ਦੀ ਇੱਛਾ ਤੱਕ ਗਲੀ ਨੰ 7, ਨਿਊ ਸੁਭਾਸ਼ ਨਗਰ, ਨੇੜੇ ਹਰਸ਼ ਵਿਦਿਆ ਮੰਦਿਰ ਸਕੂਲ ਬਸਤੀ ਜੋਧੇਵਾਲ ਵਿਖੇ ਗੱਦੀ ਨਸ਼ੀਨ ਬਾਬਾ ਮਹੇਸ਼ ਮਨੀ ਸ਼ਾਹ ਜੀ ਸਰਕਾਰ ਅਤੇ ਗੱਦੀ ਨਸ਼ੀਨ ਬਾਬਾ ਸੁਨੀਤਾ ਜੀ ਦੀ ਰਹਿਨੁਮਾਈ ਹੇਠ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਦੇਸ਼ਾਂ ਵਿਦੇਸ਼ਾਂ ਤੋਂ ਬਹੁਤ ਵੱਡੀ ਗਿਣਤੀ ਵਿੱਚ ਫੱਕਰ ਫਕੀਰ ਪਹੁੰਚ ਦੇ ਦਰਬਾਰ ਦੀ ਸ਼ੋਭਾ ਵਧਾਉਣਗੇ ਇਸਦੇ ਨਾਂਲ ਹੀ ਦਰਬਾਰ ਦਾ ਮਹੌਲ ਵੀ ਸੁਫਿਆਨਾ ਬਣਾਉਣ ਦੇ ਲਈ ਦਰਬਾਰ ਦੇ ਵਿੱਚ ਆਪਣੀ ਗਾਇਕੀ ਦੇ ਚਾਰ ਚੰਨ ਲਗਾਉਣ ਦੇ ਲਈ ਮਸ਼ਹੂਰ ਸਿੰਗਰ ਲੱਕੀ ਬਾਦਸ਼ਾਹ, ਜੰਨਤ ਮਾਨ, ਕਵਾਲ ਅੰਨਵਰ ਅਲੀ ਆਪਣੀ ਪਾਰਟੀ ਨਾਲ ਪੁੱਜ ਰਹੇ ਹਨ ਇਸ ਮੇਲੇ ਬਾਰੇ ਜਾਣਕਾਰੀ ਦਿੰਦਿਆ ਮੇਲੇ ਦੇ ਪ੍ਰਧਾਨ ਰਵਿੰਦਰ ਸਿੰਘ ਰਾਜੂ ਨੇ ਕਿਹਾ ਹੈ ਕਿ ਇਸ ਮੇਲੇ ਵਿੱਚ ਮਸ਼ਹੂਰ ਐਂਕਰ ਸੁੱਖਵਿੰਦਰ ਗੋਰਾ, ਸੀਨੀਅਰ ਪੱਤਰਕਾਰ ਹਰਭਜਨ ਸਿੰਘ ਪੰਮਾ ਮੇਲੇ ਵਿੱਚ ਪੁੱਜ ਕੇ ਜਿੱਥੇ ਪੀਰਾਂ ਫਕੀਰਾ ਨੂੰ ਜੀ ਆਇਆ ਕਹਿਣਗੇ ਉੱਥੇ ਹੀ 15 ਸ਼ਾਮ ਨੂੰ ਮਹਿੰਦੀ ਦੀ ਰਸਮ ਅਦਾ ਕੀਤੀ ਜਾਵੇਗੀ 16 ਸਵੇਰ ਝੰਡੇ ਦੀ ਰਸਮ ਅਦਾ ਕੀਤੀ ਜਾਵੇਗੀ ਦੁਪਿਹਰ 1 ਵਜੇ ਭੰਡਾਰਾ ਲਗਾਇਆ ਜਾਵੇਗਾ ਸ਼ਾਮ 7 ਵਜੇ ਮੇਲੇ ਦੀ ਸ਼ੁਰੂਆਤ ਕੀਤੀ ਜਾਵੇਗੀ ਜੋ ਦੇਰ ਰਾਤ ਤੱਕ ਕਲਾਕਾਰਾਂ ਦੇ ਗੁਣਗਾਨ ਕਰਨ ਦੇ ਨਾਲ ਚੱਲੇਗੀ ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਇਸ ਮੇਲੇ ਦੇ ਵਿੱਚ ਧਾਰਮਿਕ, ਰਾਜਨੀਤਿਕ, ਸਮਾਜ ਸੇਵੀ ਆਗੂ ਵੀ ਆਪਣੀਆਂ ਹਾਜਰੀਆਂ ਭਰਨਗੇ ਇਸਦੇ ਨਾਲ ਹੀ ਬਾਬਾ ਰਜਿੰਦਰ ਘਈ ਨੇ ਕਿਹਾ ਹੈ ਕਿ ਇਸ ਮੇਲੇ ਦੇ ਸੱਦਾ ਪੱਤਰ ਦੇਣ ਦਾ ਸਿਲਸਿਲਾ ਬੜੀ ਤੇਜੀ ਨਾਂਲ ਚੱਲ ਰਿਹਾ ਹੈ ਫੱਕਰ ਫਕੀਰਾਂ ਨੂੰ ਸੱਦਾ ਪੱਤਰ ਦੇ ਕੇ ਇਸ ਮੇਲੇ ਵਿੱਚ ਸ਼ਿਰਕਤ ਕਰਨ ਦੇ ਲਈ ਬੇਨਤੀਆਂ ਕੀਤੀਆਂ ਜਾ ਰਹੀਆ ਹਨ ਉੱਥੇ ਹੀ ਸੇਵਾਦਾਰਾਂ ਵੱਲੋ ਇਸ ਮੇਲੇ ਦੀਆਂ ਤਿਆਰੀਆਂ ਪੂਰੇ ਜੋਰਾਂ ਤੇ ਚੱਲ ਰਹੀਆ ਹਨ ਹਰ ਸ਼ਰਧਾਲੂ ਆਪਣੀ ਜਿੰਮੇਵਾਰੀ ਬਾਖੂਬੀ ਨਿਭਾ ਰਿਹਾ ਹੈ ਇਸ ਮੋਕੇ ਤੇ ਬਾਬਾ ਵਿਜੈ ਸੰਗਮ ਜੀ, ਬਾਬਾ ਬਿੰਦਰ ਪਿੰਡ ਸਰਹਾਲੀ ਵਾਲੇ, ਸਾਂਈ ਪਾਲੇ ਸ਼ਾਹ, ਬਾਬਾ ਹਰਭਜਨ ਲਾਲ ਸਾਬਰ, ਬਾਬਾ ਸੈਣੀ ਕੋਟਲੇ ਵਾਲੀ ਸਰਕਾਰ ਦੇ ਸੇਵਾਦਾਰ, ਬੀਬੀ ਸੁਰਿੰਦਰ ਕੋਰ ਜੀ ਦਰਬਾਰ ਗਿਆਰਗੀ ਸਰਕਾਰ ਸੁੱਖਦੇਵ ਨਗਰ, ਸੀਨੀਅਰ ਪੱਤਰਕਾਰ ਹਰਭਜਨ ਸਿੰਘ ਪੰਮਾ, ਖਿਲੂ ਬਾਈ ਡੋਲਰ ਵਾਲੀ ਸਰਕਾਰ, ਮੱਸਤ ਕਲੰਦਰ ਬੀਬੀ ਸੁੱਖਵਿੰਦਰ ਕੋਰ ਬਿੰਦਰ, ਬੀਬੀ ਜਸਵਿੰਦਰ ਕੋਰ ਜਲੰਧਰ, ਗੋਲਡੀ ਦੇਵਾ ਜੀ ਜਲੰਧਰ, ਬਾਬਾ ਦਵਿੰਦਰ ਬਿੱਟੂ ਸ਼ਿਮਲਾ ਪੁਰੀ ਲੁਧਿਆਣਾ, ਬਾਬਾ ਬਲਕਾਰ ਸਾਬਰੀ ਨੱਥੋਵਾਲ, ਗੁਲਾਮ ਬਾਬਾ ਸੋਨੂੰ, ਬਾਬਾ ਸੋਨੂੰ ਜੀ ਕਿਤਾਬ ਬਜਾਰ, ਬਾਬਾ ਸੁਰਿੰਦਰ ਪਾਲ ਦਰਬਾਰ ਗੱਦੀ ਨਸ਼ੀਨ, ਅਲੀਸ਼ਾ ਮਈਆ ਫਿਲੋਰ ਵਾਲੇ, ਦਰਬਾਰ ਦੇ ਸੇਵਾਦਾਰ ਵਿਜੈ ਮਦਾਨ ਪ੍ਰਧਾਨ, ਜਸਬੀਰ ਜੱਸੀ ਮੀਤ ਪ੍ਰਧਾਨ, ਹਰਸ਼, ਜਰਨੈਲ ਸਿੰਘ ਭੱਟੀ ਚੇਅਰਮੈਨ, ਬਿੰਦੂ, ਹਰਮੇਲ ਸਿੰਘ, ਸੰਨੀ, ਉਮ ਪ੍ਰਕਾਸ਼ ਅਹੂਜਾ ਵਾਈਸ ਚੇਅਰਮੈਨ, ਪੰਮਾ, ਪ੍ਰਿੰਸ ਸੂਦ, ਬਾਬਾ ਸ਼ਿੰਦਰਪਾਲ, ਗੋਪਾਲ ਪ੍ਰਿੰਸ ਤੋ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਸ਼ਾਮਲ ਸਨ।

# ਮੁਫ਼ਤ ਰਿਉਮੈਟੌਲੋਜੀ ਕੈਂਪ ਦਾ ਆਯੋਜਨ ਕੀਤੀ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਸੁੱਖ ਸਾਗਰ ਹਸਪਤਾਲ ਅੰਮ੍ਰਿਤਸਰ ਵੱਲੋ ਗੁਰਦੁਆਰਾ ਬਾਬਾ ਹੁੰਦਾਲ ਜੰਡਿਆਲਾ ਗੁਰੂ ਵਿਖੇ ਮੁਫ਼ਤ ਰਿਉਮੈਟੌਲੋਜੀ ਕੈਂਪ ਦਾ ਆਯੋਜਨ ਕੀਤੀ ਗਿਆ ਇਸ ਕੈਂਪ ਵਿੱਚ ਮਰੀਜ਼ਾਂ ਨੂੰ ਚੈਕ ਕਰਨ ਲਈ ਹੱਡੀਆਂ ਦੇ ਮਾਹਿਰ ਡਾਕਟਰ ਸਵਪਨ ਨਾਗਪਾਲ ਨੇ ਮੀਡਿਆ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਤ ਬਾਬਾ ਪਰਮਾਨੰਦ ਜੀ ਦੀ ਰਿਹਨੁਮਾਈ ਹੇਠ ਮੁਫ਼ਤ ਰਿਉਮੈਟੌਲੋਜੀ ਕੈਂਪ ਲਗਾਇਆ ਗਿਆ ਇਸ ਕੈਪ ਵਿੱਚ ਵੱਖ ਵੱਖ ਤਰਾਂ ਦੇ ਮਰੀਜ਼ਾਂ ਨੂੰ ਚੈਕ ਕੀਤਾ ਗਿਆ ਹੈ ਡਾਕਟਰ ਨੇ ਦੱਸਿਆ ਗਾਂਠਿਆ ਅਤੇ ਇਸ ਨਾਲ ਸੰਬੰਧਿਤ ਜਿਵੇ ਜੋੜਾ ਵਿਚ ਦਰਦਾਂ, ਜੋੜਾਂ ਵਿਚ ਸੋਜ ਅਤੇ ਅਕੜਣ, ਮਾਸਪੇਸ਼ੀਆਂ ਵਿਚ ਦਰਦਾਂ ਅਤੇ ਕਮਜ਼ੋਰੀ,ਪਿੱਠ ਵਿਚ ਦਰਦ,ਲੰਬਾ ਬੁਖਾਰ,ਥਕਾਵਟ,ਚਮੜੀ ਦੀ ਲਾਲੀ,ਵਾਲ ਝੜਨਾ ਆਦਿ ਬੀਮਾਰੀਆਂ ਜੋ ਕਿ ਸਰੀਰ ਆਪਣੇ ਉਪਰ ਹੀ ਅਟੈਕ ਕਰਨ ਲੱਗ ਜਾਂਦਾ ਹੈ ਇਹੋ ਜਿਹੇ ਮਰੀਜ਼ਾਂ ਨੂੰ ਬੜੇ ਧਿਆਨ ਨਾਲ ਵੇਖਿਆ ਜਾਂਦਾ ਹੈ ਤੇ ਇਲਾਜ ਸ਼ੁਰੂ ਕੀਤਾ ਜਾਂਦਾ ਹੈ ਇਸ ਮੌਕੇ ਡਾ. ਵਨੀਤ ਸ਼ਰਮਾ,ਡਾਕਟਰ ਸੁੱਖਦੇਵ ਸਿੰਘ ਅਤੇ ਸਮੂਹ ਸਟਾਫ, ਹਿੰਮਤ ਸ਼ਰਮਾ,ਮਨਦੀਪ ਸਿੰਘ, ਗੌਰਵ ਸ਼ਰਮਾ,ਅਮਨਪ੍ਰੀਤ ਕੌਰ,ਅਮਿਤ ਬੇਹਲ, ਕਾਜਲ, ਰਮਨਦੀਪ ਕੌਰ,ਹਰਜੋਤ ਸਿੰਘ ਨੇ 150 ਮਰੀਜ਼ਾਂ ਨੂੰ ਚੈਕ ਕਰਕੇ ਦਵਾਈਆਂ ਦਿੱਤੀਆਂ ਗਈਆਂ

ਇਸ ਮੌਕੇ ਸਮਾਜ ਸੇਵਕ ਆਮ ਆਦਮੀ ਪਾਰਟੀ ਜਿਲਾ ਪ੍ਰਧਾਨ ਨਰੇਸ਼ ਪਾਠਕ ਨੇ ਦੱਸਿਆ ਕਿ ਸੁੱਖ ਸਾਗਰ ਹਸਪਤਾਲ ਵੱਲੋ ਬਹੁਤ ਵਧੀਆ ਉਪਰਾਲਾ ਹੈ ਇਸ ਕੈਂਪ ਵਿਚ ਰਿਉਮੈਟੌਲੋਜੀ ਗਾਂਠਿਆ ਬਿਆਰੀ ਦੇ ਮਰੀਜ਼ਾਂ ਦਾ ਚੈਕਆਪ ਕੀਤਾ ਗਿਆ ਤੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ ਹਨ ਇਸ ਸਭ ਲਈ ਆਈ ਹੋਈ ਟੀਮ ਦਾ ਧੰਨਵਾਦ ਕੀਤਾ ਇਸ ਮੌਕੇ ਵਿਸ਼ਾਲ ਪਾਠਕ,ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਦੇ ਭਰਾ ਸਤਿੰਦਰ ਸਿੰਘ ਅਤੇ ਸੁਖਵਿੰਦਰ ਸਿੰਘ, ਰਾਜਬੀਰ ਸਿੰਘ ਆਦਿ ਹਾਜਰ ਸਨ।

# *ਖੇਤੀਬਾੜੀ ਮੋਟਰਾਂ ਦਾ ਲੋਡ ਵਧਾਉਣ ਦੀ ਵੀਡੀਐਸ ਯੋਜਨਾ ਤਹਿਤ ਪਿੰਡ ਸੀੜਾ ਚ ਬਿਜਲੀ ਵਿਭਾਗ ਵੱਲੋਂ ਕੈਂਪ ਦਾ ਆਯੋਜਨ



**ਲੁਧਿਆਣਾ/ਵਰਿੰਦਰ ਪ੍ਰਕਾਸ਼ ਭਾਂਬਰੀ, ਸੁਖਚੈਨ ਮਹਿਰਾ**

ਪੰਜਾਬ ਸਰਕਾਰ ਦੀਆਂ ਹਦਾਇਤਾਂ ਉੱਤੇ ਪੰਜਾਬ ਰਾਜ ਬਿਜਲੀ ਨਿਗਮ ਵੱਲੋਂ ਸਰਕੂਲਰ 13/2022 ਦੇ ਤਹਿਤ ਵੀਡੀਐਸ ਸਕੀਮ ਸ਼ੁਰੂ ਕੀਤੀ ਗਈ ਹੈ ਜਿਸ ਮੁਤਾਬਿਕ ਕਿਸਾਨ ਭਰਾ ਹੁਣ ਆਪਣੀਆਂ ਖੇਤੀਬਾੜੀ ਮੋਟਰਾਂ ਦਾ ਲੋਡ ਪ੍ਰਤੀ ਹਾਰਸ਼ ਪਾਵਰ ਸਰਵਿਸ ਚਾਰਜ 2500 ਰੁਪਏ ਅਤੇ ਸਕਿਉਰਟੀ 200 ਰੁਪਏ ਦੇ ਕੇ ਵਧਾ ਸਕਦੇ ਹਨ ਕਿਸਾਨ ਭਰਾਵਾਂ ਨੂੰ ਇਸ ਯੋਜਨਾ ਦਾ ਲਾਭ ਦੇਣ ਲਈ ਬਿਜਲੀ ਨਿਗਮ ਵੱਲੋਂ ਵਿਸ਼ੇਸ਼ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਜਿਸ ਵਿੱਚ ਵੱਡੀ ਗਿਣਤੀ ਕਿਸਾਨ ਪਹੁੰਚ ਕੇ ਲਾਭ ਪ੍ਰਾਪਤ ਕਰ ਰਹੇ ਹਨ ਸੁੰਦਰ ਨਗਰ ਡਵੀਜ਼ਨ ਕਾਕੋਵਾਲ ਰੋਡ ਅਧੀਨ ਪੈਂਦੇ ਪਿੰਡ ਸੀੜਾ ਵਿਖੇ ਅਜਿਹੇ ਹੀ ਕੈਂਪ ਦਾ ਆਯੋਜਨ ਗੁਰੂਦੁਆਰਾ ਗੁਰੂ ਰਵਿਦਾਸ ਜੀ ਚ ਸੀਸੀ ਅਸ਼ਵਨੀ ਕੁਮਾਰ ਅਤੇ ਜੇਈ ਨੰਦ ਸਿੰਘ ਦੀ ਅਗਵਾਈ ਵਿੱਚ ਕੀਤਾ ਗਿਆ ਇਸ ਬਾਰੇ ਜਾਣਕਾਰੀ ਦਿੰਦਿਆਂ ਦੋਵਾਂ ਅਧਿਕਾਰੀਆਂ ਨੇ ਦੱਸਿਆ ਕਿ ਚੀਫ ਇੰਜਨੀਅਰ ਸ੍ ਪਰਮਿੰਦਰ ਸਿੰਘ, ਐਕਸੀਅਨ ਜਗਮੋਹਨ ਸਿੰਘ ਜੰਡੂ, ਐਸ ਡੀ ਓ ਵਿਪਨ ਕੁਮਾਰ ਸੂਦ ਅਤੇ ਐਸ ਡੀ ਓ ਕਮਰਸੀਅਲ ਖੁਸ਼ਵਿੰਦਰ ਸੂਦ ਦੀਆਂ ਹਦਾਇਤਾਂ ਉੱਤੇ ਇਸ ਕੈਂਪ ਦਾ ਆਯੋਜਨ ਕੀਤਾ ਗਿਆ ਹੈ ਖੇਤੀਬਾੜੀ ਮੋਟਰਾਂ ਦੇ ਲੋਡ ਵਧਾਉਣ ਦੀ ਮੰਗ ਨੂੰ ਪੂਰੀ ਕਰਦੀ ਇਸ ਯੋਜਨਾ ਪ੍ਰਤੀ ਕਿਸਾਨਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਲਗਾਏ ਗਏ ਕੈਂਪ ਦੌਰਾਨ ਬਹੁਤ ਸਾਰੇ ਕਿਸਾਨਾਂ ਨੇ ਫਾਰਮ ਭਰਕੇ ਇਸਦਾ ਲਾਭ ਲਿਆ ਉਨ੍ਹਾਂ ਰਹਿੰਦੇ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਸਰਕਾਰ ਅਤੇ ਬਿਜਲੀ ਨਿਗਮ ਦੀ ਇਸ ਯੋਜਨਾ ਦਾ ਲਾਭ ਜਰੂਰ ਲੈਣ ਯੋਜਨਾ ਦਾ ਲਾਭ ਲੈਣ ਲਈ ਫਾਰਮ ਭਰਨ ਆਏ ਕਿਸਾਨ ਭਰਾਵਾਂ ਨੇ ਸਰਕਾਰ ਅਤੇ ਨਿਗਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮੇਂ ਦੀ ਮੰਗ ਨੂੰ ਪੂਰਾ ਕਰਕੇ ਸਰਕਾਰ ਨੇ ਸ਼ਲਾਘਾਯੋਗ ਕੰਮ ਕੀਤਾ ਹੈ ਇਸ ਮੌਕੇ ਜਗਦੀਸ਼ ਚੰਦ ਹੈਡ ਕੈਸ਼ੀਅਰ, ਪਰਮਜੋਤ ਸਿੰਘ ਕੈਸ਼ੀਅਰ ਅਤੇ ਗੁਰਪ੍ਰੀਤ ਸਿੰਘ ਮਹਿਦੂਦਾਂ, ਸਰਪੰਚ ਚਮਨ ਲਾਲ, ਹੁਸਨ ਲਾਲ ਅਤੇ ਫਕੀਰ ਚੰਦ ਆਦਿ ਹਾਜਰ ਸਨ।

# ਬਾਰਾਂਦਰੀ ਬਾਗ਼ ਦੀ ਵਿਰਾਸਤ ਨੂੰ ਸੰਭਾਲਣ ਲਈ ਡੀ ਸੀ ਵੱਲੋਂ ਦੌਰਾ



ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਅੱਜ ਸ਼ਹਿਰ ਦੇ ਵਿਰਾਸਤੀ ਸਥਾਨ ਬਾਰਾਂਦਰੀ ਬਾਗ਼ ਦਾ ਦੌਰਾ ਕੀਤਾ ਉਨ੍ਹਾਂ ਇਸ ਮੌਕੇ ਬਾਗ਼ ਵਿੱਚ ਮੌਜੂਦ ਇਮਾਰਤਾਂ ਅਤੇ ਉਸਾਰੀਆਂ ਦਾ ਜਾਇਜ਼ਾ ਲਿਆ ਉਨ੍ਹਾਂ ਨੇ ਲਾਇਬ੍ਰੇਰੀ ਅਤੇ ਬਾਗ਼ ਵਿੱਚ ਚੱਲ ਰਹੇ ਕੁੱਝ ਕੁ ਅਦਾਰਿਆਂ ਬਾਰੇ ਵੀ ਜਾਣਕਾਰੀ ਲਈ ਉਨ੍ਹਾਂ ਇਸ ਮੌਕੇ ਆਖਿਆ ਕਿ ਬਾਰਾਂਦਰੀ ਬਾਗ਼ ਦਾ ਅਮੀਰ ਇਤਿਹਾਸ ਹੈ ਅਤੇ ਇਸ ਨੂੰ ਸ਼ਹਿਰ ਦੀ ਵਿਰਾਸਤ ਵਜੋਂ ਸੰਭਾਲਿਆ ਜਾਵੇਗਾ ਉਨ੍ਹਾਂ ਕਿਹਾ ਕਿ ਸ਼ਹਿਰ ਦੇ ਵਿੱਚ ਕਰੀਬ 5 ਏਕੜ 'ਚ ਸਥਿਤ ਇਹ ਰਮਣੀਕ ਸਥਾਨ ਜਿੱਥੇ ਲੋਕਾਂ ਲਈ ਸਵੇਰ ਅਤੇ ਸ਼ਾਮ ਦੀ ਸੈਰ ਲਈ ਵਧੀਆ ਥਾਂ ਹੈ, ਉੱਥੇ ਬਜ਼ੁਰਗਾਂ ਅਤੇ ਮਹਿਲਾਵਾਂ ਲਈ ਇੱਥੇ ਬੈਠ ਕੇ ਆਪਣੀ ਸਾਂਝ ਵਧਾਉਣ ਦਾ ਵੀ ਵਧੀਆ ਸਥਾਨ ਹੈ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬਾਗ਼ ਦੀ ਨਿਯਮਿਤ ਸਾਫ਼-ਸਫ਼ਾਈ, ਫ਼ੁਹਾਰਿਆਂ ਆਦਿ ਨੂੰ ਚਲਦਾ ਰੱਖਣ ਲਈ ਉਹ ਜਲਦ ਹੀ ਇਸ ਦੀ ਸਾਂਭ-ਸੰਭਾਲ ਕਰਦੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਸਥਾਨਕ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਰੱਖਣਗੇ ਅਤੇ ਉਨ੍ਹਾਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦੇਣਗੇ ਡਿਪਟੀ ਕਮਿਸ਼ਨਰ ਅਨੁਸਾਰ ਬਾਗ਼ ਭਾਵੇਂ ਰਮਣੀਕ ਸਥਾਨ ਹੈ ਪਰੰਤੂ ਇਸ ਦੀ ਹਰਿਆਲੀ ਵੀ ਪੌਦੇ ਲਾ ਕੇ ਹੋਰ ਵੀ ਵਾਧਾ ਕੀਤਾ ਜਾ ਸਕਦਾ ਹੈ, ਜਿਸ ਲਈ ਵਣ ਵਿਭਾਗ ਨਾਲ ਵਿਚਾਰ ਕੀਤਾ ਜਾਵੇਗਾ ਉਨ੍ਹਾਂ ਕਿਹਾ ਕਿ ਉਹ ਪੂਰੀ ਕੋਸ਼ਿਸ਼ ਕਰਨਗੇ ਕਿ ਸ਼ਹਿਰ ਦੇ ਇਸ ਵਿਰਾਸਤੀ ਸਥਾਨ ਦੀ ਨਿਯਮਿਤ ਸਾਂਭ-ਸੰਭਾਲ ਹੁੰਦੀ ਰਹੇ ਅਤੇ ਸ਼ਹਿਰ ਦੇ ਲੋਕ ਅਤੇ ਬੱਚੇ ਇਸ ਦਾ ਸੈਰ ਆਦਿ ਲਈ ਸਦਉਪਯੋਗ ਕਰਦੇ ਰਹਿਣ।